# ਚਿਰਾਗ

ਜੁਲਾਈ -ਸਤੰਬਰ 1996

**July - September 1996**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



ਨਾਜ਼ਿਮ ਹਿਕਮਤ ਵਿਸ਼ੇਸ਼ ਅੰਕ

ਮੁੱਲ : ਦਸ ਰੁਪਏ -7- ਜੁਲਾਈ-ਸਤੰਬਰ, 1996

# ਚਿਰਾਗ਼ (ਤ੍ਰੈ-ਮਾਸਕ)

ਜੁਲਾਈ-ਸਤੰਬਰ 1996

ਸੰਪਾਦਕ : ਹਰਭਜਨ ਸਿੰਘ ਹੁੰਦਲ    ਸੰਪਾਦਕੀ ਮੰਡਲ : ਡਾ: ਕਰਮਜੀਤ ਸਿੰਘ
ਸੁਰਜੀਤ ਗਿੱਲ


## ਪਹਿਲਾ ਭਾਗ


- ਕਵੀ ਨਾਜ਼ਿਮ ਹਿਕਮਤ : ਹਰਭਜਨ ਸਿੰਘ ਹੁੰਦਲ/1
- ਸੰਘਰਸ਼ ਦੀ ਗਾਥਾ : ਸੋਮ ਦੱਤ/3
- ਸਵੈ-ਜੀਵਨੀ : ਨਾਜ਼ਿਮ ਹਿਕਮਤ/5
- ਨਾਜ਼ਿਮ ਹਿਕਮਤ ਦੀਆਂ ਯਾਦਾਂ : ਕਨਸਤੰਨਤਿਨ ਸਿਮੋਨੋਵ/8
- ਯਾਦਾਂ : ਪਾਬਲੋ ਨੇਰੂਦਾ/14
- ਕਾਵਿ-ਸ਼ਰਧਾਂਜਲੀ : (ਦੋ ਕਵਿਤਾਵਾਂ) ਪਾਬਲੋ ਨੇਰੂਦਾ/15, ਯਵਤੁਸ਼ੈਂਕੋ/21,
  ਯਰੋਸਲੈਵ ਸਮੈਯਾਕੋਵ/23, ਹਰਭਜਨ ਸਿੰਘ ਹੁੰਦਲ/25
- ਮੁਲਾਕਾਤ : ਫ਼ੈਜ਼ ਅਹਿਮਦ ਫ਼ੈਜ਼/27
- ਨਾਜ਼ਿਮ ਹਿਕਮਤ ਤੇ ਸੁਹਜ ਸ਼ਾਸ਼ਤਰ : ਅਜ਼ੀਜ਼ ਚਿਲੋਸ਼ਲਰ/31


## ਭਾਗ ਦੂਸਰਾ : ਕਵਿਤਾਵਾਂ


ਮੇਰੇ ਵਤਨ/36, ਵਿਦਾ ਵੇਲੇ/36, ਮੇਰੀ ਕਵਿਤਾ/32, ਨਿੱਕੀ ਜੇਹੀ ਮੁਰਦਾ ਕੁੜੀ/37, ਇਕ ਕਵਿਤਾ/38, ਭੁੱਖਿਆਂ ਦੀਆ ਅੱਖਾਂ/39, ਤੇਰੇ ਹੱਥ ਤੇ ਝੂਠ/41, ਵੀਰਾ ਦੇ ਨਾਂ/43, ਗ਼ਮਗੀਨ ਆਜ਼ਾਦੀ/44, ਬੱਚਿਆਂ ਨੂੰ ਸਿੱਖਿਆ/46, ਜੇਲ੍ਹ ਜਾ ਰਹੇ ਦੋਸਤ ਨੂੰ ਨਸੀਹਤ/47, ਜੇਲ੍ਹ 'ਚੋਂ ਖਤ/48, ਤੂੰ/49, ਮੇਰਾ ਜਨਾਜ਼ਾ/50, ਬਿਨਾਂ ਸਿਰਲੇਖ ਤੋਂ/51, ਇਹ ਯਾਤਰਾ/52, ਵੇਟਰੈੱਸ/53, ਬੁਢਾਪੇ ਦਾ ਅਹਿਸਾਸ/54, ਪਤਨੀ ਦੇ ਨਾਂ ਪੱਤਰ/44, ਜਾਗ/56, ਖ਼ਤ/57, ਇਸ ਤਰ੍ਹਾਂ/57, ਰਾਤ ਸਮੇਂ ਦੀ ਬਰਫ਼ਬਾਰੀ/58, ਜੀਊਣ ਦੇ ਸਬੰਧ ਵਿਚ/62, ਲੀਡੀਆ ਇਵਾਨਾ ਨੂੰ/64, ਖੀਰਾ/66, ਐਤਵਾਰ/67, ਜੀ ਆਇਆਂ ਨੂੰ/68, ਵਿਸ਼ਵਾਸ ਵਾਲਾ ਬੰਦਾ/70, ਵਸੀਅਤ/70, ਸ਼ਾਇਦ/72. ਪਾਲ ਰਾਬਸਨ ਦੇ ਨਾਂ/73, ਰਾਤ ਦੀਆਂ ਕਵਿਤਾਵਾਂ/76. ਨਾਜ਼ਿਮ ਹਿਕਮਤ ਬਾਰੇ ਗ੍ਰੰਥ-ਪੁਸਤਕਾਂ/80.



ਪ੍ਰਕਾਸ਼ਨ ਮਿਤੀ : 15 ਅਗਸਤ, 1996



**Postal Address :**
Harbhajan Singh Hundal,
V. Futu Chak,
P/o. Dhilwan,
Distt. Kapurthala-144804
(Pb.) India.



**ਚੰਦਿਆਂ ਦਾ ਵੇਰਵਾ :**

| | |
|---|---|
| ਦੇਸ਼ ਵਾਰਸ਼ਿਕ | : 30 ਰੁਪਏ |
| ਇਕ ਪਰਚਾ | : 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : 40 ਰੁਪਏ |
| **ਬਦੇਸ਼** | |
| ਵਾਰਸ਼ਿਕ | : 250 ਰੁਪਏ |
| ਇੱਕ ਪਰਚਾ | : ਇਕ ਪੌਂਡ |

ਇਸ ਅੰਕ ਦੇ ਅਨੁਵਾਦਕ ਤੇ ਸੰਪਾਦਕ : ਹਰਭਜਨ ਸਿੰਘ ਹੁੰਦਲ


### ਸੰਪਾਦਕ ਵੱਲੋਂ

## ਕਵੀ ਨਾਜ਼ਿਮ ਹਿਕਮਤ

ਨਾਜ਼ਿਮ ਹਿਕਮਤ ਵੱਖਰੀ ਤਰ੍ਹਾਂ ਦਾ ਕਵੀ ਸੀ। ਕੀ ਵੱਖਰਾ ਸੀ ਭਲਾ ਉਸ ਦਾ ਬਾਕੀ ਦੇ ਸਮਕਾਲੀ ਤੇ ਪੂਰਵ-ਕਾਲੀ ਕਵੀਆਂ ਨਾਲੋਂ ?

ਉਹ ਤੁਰਕੀ ਭਾਸ਼ਾ ਵਿਚ ਕਵਿਤਾ ਲਿਖਦਾ ਸੀ। ਇਹ ਭਾਸ਼ਾਂ, ਹਿਕਮਤ ਦੇ ਆਗਮਨ ਤੋਂ ਪਹਿਲਾਂ ਕਿਸੇ ਬਾਹਰਲੇ ਪਾਠਕ ਲਈ ਖਾਸ ਖਿੱਚ ਦਾ ਕਾਰਨ ਨਹੀਂ ਸੀ। ਪਰ ਹੁਣ ਹਿਕਮਤ ਦੇ ਜਾਣ ਤੋਂ ਬਾਅਦ ਦੁਨੀਆਂ ਦੇ ਸਾਹਿਤ-ਪ੍ਰੇਮੀ ਇਸ ਭਾਸ਼ਾ ਵੱਲ ਖਿੱਚੇ ਗਏ ਨੇ, ਨਾਜ਼ਿਮ ਨੂੰ ਪੜ੍ਹਨ ਲਈ। ਉਸ ਦੀ ਕਵਿਤਾ ਦੇ ਅਰਥਾਂ ਤੀਕ ਉਤਰਨ ਲਈ।

ਸਾਡੇ ਕੋਲ ਨਾਜ਼ਿਮ ਦੀ ਕਵਿਤਾ ਤੁਰਕੀ ਚੋਂ ਅੰਗਰੇਜ਼ੀ ਤੇ ਅੰਗਰੇਜ਼ੀ ਤੋਂ ਅੱਗੇ ਸਾਡੀ ਭਾਸ਼ਾ ਵਿਚ, ਤੀਸਰੀ ਥਾਂ ਪਹੁੰਚਦੀ ਹੈ। ਫਿਰ ਵੀ ਇਹ ਸਾਨੂੰ ਆਪਣੇ ਵੱਲ ਖਿੱਚਦੀ ਹੈ। ਆਖਰ ਕਿਉਂ ?

ਪਰ ਇਸ ਪ੍ਰਸ਼ਨ ਦਾ, ਜਾਂ ਇਸ ਤਰ੍ਹਾਂ ਦੇ ਹੋਰ ਅਨੇਕ ਪ੍ਰਸ਼ਨਾਂ ਦਾ ਉੱਤਰ ਲੱਭਣਾ ਕੋਈ ਔਖਾ ਕੰਮ ਨਹੀਂ ਹੈ। ਹਿਕਮਤ ਦੀ ਕਵਿਤਾ ਲੋਕ-ਜੀਵਨ ਦਾ, ਜੀਵਨ-ਸੰਘਰਸ਼ਾਂ ਦਾ ਦਰਪਨ ਹੈ। ਉਸ ਦਾ ਪ੍ਰੇਰਨਾ ਸਰੋਤ ਜਨ-ਜੀਵਨ ਹੈ, ਤੁਰਕੀ ਜਨ-ਸਾਧਾਰਨ ਦੀਆਂ ਉਮੀਦਾਂ, ਤਾਂਘਾਂ, ਜਿੱਤਾਂ, ਹਾਰਾਂ, ਚੜ੍ਹਤਾਂ ਤੇ ਨਿਰਾਸਤਾਵਾਂ। ਉਹ ਅਟੁੱਟ ਤੌਰ ਤੇ ਆਪਣੇ ਦੇਸ਼, ਉਥੋਂ ਦੇ ਲੋਕਾਂ, ਆਪਣੇ ਇਤਿਹਾਸ ਤੇ ਆਪਣੀ ਕਲਚਰ ਨਾਲ ਘਿਓ-ਖਿਚੜੀ ਹੈ। ਬਲਵਾਨ ਕਵਿਤਾ, ਨਰੋਈ ਕਵਿਤਾ ਲੋਕਾਂ ਨੂੰ ਸਮਰਪਿਤ ਕਵਿਤਾ ਦੀ ਸਫਲਤਾ ਦਾ ਇਹੀ ਭੇਤ ਹੁੰਦਾ ਹੈ।

ਮਨ ਵਿਚ ਬਾਰ ਬਾਰ ਇਹ ਸਵਾਲ ਉੱਠਦਾ ਹੈ ਕਿ ਆਖ਼ਰ ਕਿਸ ਵਿਸਵਾਸ਼ ਦੇ ਸਹਾਰੇ ਨਾਜ਼ਿਮ ਕੈਦ ਦੇ ਦੁੱਖ ਤੇ ਤਸੀਹੇ ਜਰ ਜਾਂਦਾ ਹੈ ਤੇ ਆਸ਼ਾਵਾਦ ਦਾ ਸਨੇਹਾ ਦਿੰਦਾ, ਉਹ ਕਦੇ ਵੀ ਡੋਲਦਾ ਪ੍ਰਤੀਤ ਨਹੀਂ ਹੁੰਦਾ ?

ਇਸ ਦੇ ਕਈ ਕਾਰਨ ਲੱਭੇ ਜਾ ਸਕਦੇ ਹਨ, ਪਰ ਸ਼ਾਇਦ ਮੂਲ ਕਾਰਨ ਸਮਾਜਵਾਦੀ ਸਿਧਾਤਾਂ ਪ੍ਰਤੀ ਉਸਦੀ ਅਕੱਟ ਵਚਨਬੱਧਤਾ ਹੈ, ਜਿਹੜੀ ਸਮੁੰਦਰੀ ਜਹਾਜ਼ ਦੇ ਗੰਦ ਵਿਚ ਮਜਬੂਰਨ ਘੰਟਿਆਂ ਬੱਧੀ ਖੜੇ ਕੀਤੇ ਜਾਣ ਦੇ ਬਾਵਜੂਦ, ਉਸ ਨੂੰ ਥਿੜਕਣ ਨਹੀਂ ਸੀ ਦਿੰਦੀ।

ਆਪਣੇ ਵਤਨ, ਆਪਣੇ ਲੋਕਾਂ ਨਾਲੋਂ ਟੁੱਟ ਕੇ ਨਾਜ਼ਿਮ ਦੀ ਰੂਹ ਤੜਪਦੀ ਹੈ। ਇਹ ਤੜਪ ਹੀ ਉਸ ਦੀ ਰਚਨਾ ਦੀ ਜਿੰਦ-ਜਾਨ ਹੈ। ਉਸ ਦੀ ਕਵਿਤਾ ਦੀ ਸ਼ਕਤੀ, ਲੋਕਾਂ ਨਾਲ ਲਗਾਤਾਰ ਜੁੜੇ ਰਹਿਣ ਦੀ ਤਾਂਘ ਵਿਚ ਲੁਕੀ ਹੋਈ ਹੈ।

ਆਖਿਰ ਕਿਉਂ ਅਨੁਵਾਦ ਰੂਪ ਵਿਚ ਵੀ, ਜਿਸ ਅਨੁਵਾਦਿ ਵਿਚ ਨਾ ਛੰਦ ਹੈ, ਨਾ ਲੈ ਤੇ ਤਾਲ ਹੈ, ਇਹ ਕਵਿਤਾ ਸਾਨੂੰ ਚੰਗੀ ਲੱਗਦੀ ਹੈ ? ਸ਼ਾਇਦ ਇਸ ਦਾ ਇਕ ਕਾਰਨ ਇਹ ਹੈ ਕਿ ਇਹ ਸਮਾਜਿਕ ਨਿਆਂ, ਅਮਨ, ਪਿਆਰ, ਆਜ਼ਾਦੀ ਤੇ ਮਨੁੱਖੀ ਸਾਂਝ ਦੀ ਗੱਲ ਕਰਦੀ ਹੈ, ਤੇ ਜ਼ੁਲਮ ਜਬਰ ਦੇ ਵਿਰੁੱਧ ਬੇਖ਼ੌਫ਼ ਹੋ ਕੇ ਬੋਲਦੀ ਹੈ।

ਨਾਜ਼ਿਮ ਹਿਕਮਤ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਸ ਦੀ ਕਵਿਤਾ ਸੰਸਾਰ ਪੱਧਰ ਉੱਤੇ ਸਮਾਜਵਾਦੀ, ਸੰਗਰਾਮੀ ਕਵਿਤਾ ਦੀਆਂ ਪੈੜਾਂ ਨੂੰ ਗੂੜ੍ਹਾ ਕਰਦੀ ਹੈ। ਇਸ ਦਾ ਪ੍ਰਭਾਵ ਸਿਰਫ਼ ਤੁਰਕੀ ਦੀਆਂ ਭੂਗੋਲਿਕ ਹੱਦਾਂ ਤੀਕ ਸੀਮਤ ਨਹੀਂ ਰਹਿੰਦਾ। ਇਹ ਹਰ ਦੇਸ਼ ਤੇ ਹਰ ਭਾਸ਼ਾ ਦੀ ਸ਼ਾਇਰੀ ਨੂੰ ਲੋਕਾਂ ਨਾਲ ਜੁੜਨ ਦੀ ਜਾਚ ਦੱਸਦੀ ਹੈ ਤੇ ਜ਼ਬਰ-ਜ਼ੁਲਮ ਤੇ ਤਸ਼ੱਦਦ ਦੇ ਸੰਘਣੇ ਹਨੇਰੇ ਵਿਚ ਵੀ, ਰਾਹ-ਵਿਖਾਊ, ਸਿਤਾਰੇ ਵਾਂਗ ਅਗਵਾਈ ਕਰਦੀ, ਰੌਸ਼ਨੀ ਦੇ ਸੋਮੇਂ ਵੱਲ ਲੈ ਤੁਰਦੀ ਹੈ।

ਮੇਰੀ ਬੋਲੀ ਪੰਜਾਬੀ ਵਿਚ ਨਾਜ਼ਿਮ ਹਿਕਮਤ ਦੀ ਕਵਿਤਾ ਦਾ ਪਹਿਲਾ ਕਾਵਿ-ਅਨੁਵਾਦ ਮਹਿਰਮ ਯਾਰ ਕਹਾਣੀਕਾਰ ਦੁਆਰਾ 1971 ਵਿਚ ਛਪਿਆ ਸੀ ਤੇ ਦੂਸਰਾ ਅਨੁਵਾਦ 'ਸ਼ਹਿਦ-ਕਟੋਰੀ' ਦੇ ਨਾਂ ਹੇਠ ਸੋਹਨ ਢੰਡ ਨੇ ਕੀਤਾ ਸੀ, ਸ਼ਾਇਦ 82-83 ਵਿਚ।

ਪਰ ਨਾਜ਼ਿਮ ਦੀਆਂ ਕਵਿਤਾਵਾਂ ਦੇ ਨਿੱਤ ਨਵੇਂ ਅਨੁਵਾਦ ਹੁੰਦੇ ਰਹਿਣਗੇ। ਹਾਲੀ ਵੀ ਨਾਜ਼ਿਮ ਦੀ ਸਮੁੱਚੀ ਸ਼ਾਇਰੀ ਮੁਕੰਮਲ ਰੂਪ ਵਿਚ ਅਨੁਵਾਦ ਹੋਣੀ ਬਾਕੀ ਹੈ। ਉਸ ਦੀ ਰਚਨਾਵਾਂ ਦਾ ਵਡੇਰਾ ਭਾਗ, (ਕਈ ਪੁਸਤਕਾਂ) ਹਾਲੀ ਅਨੁਵਾਦ ਦੀ ਉਡੀਕ ਵਿਚ ਹਨ।

ਹਥਲੇ ਸੰਗ੍ਰਹਿ ਵਿਚ ਕਵਿਤਾਵਾਂ ਤੋਂ ਬਿਨਾਂ ਕੁਝ ਹੋਰ ਸਾਹਿਤਕ/ਆਲੋਚਨਾਤਮਿਕ ਸਮੱਗਰੀ ਵੀ ਇਕੱਤਰ ਕਰਕੇ ਛਾਪੀ ਗਈ ਹੈ, ਤਾਕਿ ਨਾਜ਼ਿਮ ਦੀ ਕਵਿਤਾ ਤੇ ਸ਼ਖ਼ਸ਼ੀਅਤ ਦੇ ਕੁਝ ਅਣਗੌਲੇ ਪੱਖ ਉਜਾਗਰ ਹੋ ਸਕਣ।

ਨਾਜ਼ਿਮ ਦੀ ਸ਼ਾਇਰੀ ਹੱਕ ਤੇ ਨਿਆਂ, ਅਮਨ ਤੇ ਸੱਚ ਲਈ ਜੂਝਦੇ ਲੋਕਾਂ ਲਈ ਗੀਤਾਂ ਦਾ ਗੁਲਦਸਤਾ ਹੈ। ਅਜੇਹੀ ਸ਼ਾਇਰੀ ਕਦੇ ਮਰਦੀ ਨਹੀਂ ਹੁੰਦੀ ਤੇ ਨਾ ਪੁਰਾਣੀ ਹੁੰਦੀ ਹੈ।

ਸੱਚੀ ਸ਼ਾਇਰੀ ਦੇ ਮੁਤਲਾਸ਼ੀ ਹਰ ਯੁੱਗ ਵਿਚ ਅਜੇਹੀ ਸ਼ਾਇਰੀ ਦੀ ਭਾਲ ਕਰਦੇ ਰਹਿਣਗੇ। ਸਦੀਆਂ ਬਾਅਦ ਅਜੇਹੇ ਸ਼ਾਇਰ ਪੈਦਾ ਹੁੰਦੇ ਨੇ ਜਿਹੜੇ ਆਪਣੀ ਸ਼ਾਇਰੀ ਨਾਲ ਧਰਤੀ ਤੇ ਯੁੱਗ ਦਾ ਚਿਹਰਾ ਰੁਸ਼ਨਾ ਦਿੰਦੇ ਨੇ। ਪਾਬਲੋ ਨੇਰੂਦਾ, ਬ੍ਰੈਖਤ, ਮਾਇਆਕੋਵਸਕੀ, ਮਹਿਮੂਦ ਦਰਵੇਸ਼, ਫ਼ੈਜ਼ ਏਸੇ ਹੀ ਲੜੀ ਦੇ ਵੱਡੇ ਨਾਂ ਹਨ।

ਅਦਾਰਾ ਚਿਰਾਗ਼ ਇਹਨਾਂ ਵੱਡੇ ਸ਼ਾਇਰਾਂ ਦੇ ਕਲਾਮ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਤੇ ਛਾਪਣ ਲਈ ਤਤਪਰ ਹੈ।

—ਹਰਭਜਨ ਸਿੰਘ ਹੁੰਦਲ



## ਪਹਿਲਾ ਭਾਗ

### ਸੰਘਰਸ਼ ਦੀ ਗਾਥਾ

ਨਾਜ਼ਿਮ ਹਿਕਮਤ ਦਾ ਜਨਮ **1901** ਵਿਚ ਤੁਰਕੀ ਦੇ ਇਕ ਸਤਿਕਾਰਤ ਪਾਸ਼ਾ ਪ੍ਰੀਵਾਰ ਵਿਚ, ਸੇਲੋਨਿਕਾ ਨਗਰ ਵਿਚ ਹੋਇਆ, ਸੇਲੋਨਿਕਾ ਨਗਰ ਉਹਨਾਂ ਦਿਨਾਂ ਵਿਚ, ਔਟੋਮਨ ਸਾਮਰਾਜ ਦਾ ਹਿੱਸਾ ਸੀ। ਉਸ ਦੇ ਪਿਤਾ ਸਰਕਾਰ ਦੇ ਉਚੇ ਅਹੁਦੇ ਤੇ ਸਨ। ਸੰਨ 1918 ਵਿਚ ਉਸ ਨੇ ਮਾਰਮਰਾ ਬੰਦਰਗਾਹ ਤੇ ਸਮੁੰਦਰੀ ਫੌਜ ਦੀ ਅਕਾਡਮੀ ਵਿਚੋਂ ਆਪਣੀ ਸਿਖਿਆ ਸੰਪੂਰਨ ਕੀਤੀ। ਕਵਿਤਾ ਲਿਖਣੀ ਉਸ ਨੇ ਬਹਿਰੀ ਫੌਜ ਦੀ ਪੜ੍ਹਾਈ ਸਮੇਂ ਚੌਦਾਂ ਸਾਲ ਦੀ ਉਮਰ ਵਿਚ ਹੀ ਆਰੰਭ ਕਰ ਦਿੱਤੀ ਸੀ। ਪਰ ਤੁਰਕੀ ਭਾਸ਼ਾ ਦੀਆਂ ਵੱਖ ਵੱਖ ਪੱਤਰਕਾਵਾਂ ਵਿਚ ਇਹਨਾਂ ਕਵਿਤਾਵਾਂ ਦਾ ਪ੍ਰਕਾਸ਼ਨ 1918 ਵਿਚ ਹੀ ਸ਼ੁਰੂ ਹੋਇਆ। ਪਹਿਲੇ ਸੰਸਾਰ ਯੁੱਧ ਸਮੇਂ ਜਦੋਂ ਤੁਰਕੀ ਦੇ ਵੱਡੇ ਹਿੱਸੇ ਤੇ ਆਂਗਲ ਸਾਮਰਾਜਵਾਦੀਆਂ ਦਾ ਅਧਿਕਾਰ ਹੋ ਗਿਆ ਸੀ, ਹਿਕਮਤ ਆਪਣੀ ਮਾਂ ਦੀਆਂ ਕੌਮੀ ਭਾਵਨਾਵਾਂ ਤੋਂ ਪ੍ਰੇਰਤ ਹੋ ਕੇ, ਤੁਰਕੀ ਦੇ ਮੁਕਤੀ-ਅੰਦੋਲਨ ਵਿਚ ਕੁੱਦ ਪਿਆ। ਸਰਕਾਰ ਦੇ ਪਿੱਛੇ ਪੈਣ ਤੇ ਹੋਰ ਕਈ ਬੁੱਧੀਜੀਵੀਆਂ ਵਾਂਗੂੰ ਉਹ ਵੀ ਅਨਾਤੋਲੀਆ ਜਾ ਪੁਜਾ। ਉਥੋਂ ਦੇ ਕਿਸਾਨਾਂ ਤੇ ਮਜਦੂਰਾਂ ਨਾਲ ਜਾ ਸਬੰਧ ਜੋੜਿਆ। ਇਸ ਨੇੜਲੇ ਸਬੰਧਾਂ ਨੇ ਉਸ ਦੀ ਕਵਿਤਾ ਦੀ ਸੁਰ ਬਦਲ ਦਿੱਤੀ। ਆਪਣੇ ਬਹਿਰੀ ਬੇੜੇ ਦੇ ਜੀਵਨ ਨੂੰ ਤਿਲਾਂਜਲੀ ਦੇ ਕੇ ਉਹ 1919-22 ਦੇ ਸਾਲਾਂ ਦੌਰਾਨ, ਔਟੋਮਨ ਸਾਮਰਾਜ ਦੇ ਵਿਰੁੱਧ ਸਥਾਨਕ ਪੂੰਜੀਪਤੀਆਂ ਵਲੋਂ ਚਲਾਈ ਕੌਮੀ ਲਹਿਰ ਵਿਚ ਸ਼ਾਮਿਲ ਹੋ ਗਏ।

ਸਰਕਾਰੀ ਦਬਾਅ ਵਧਣ ਨਾਲ ਉਹ ਸੇਲੋਨਿਕਾ ਤੋਂ ਤਿਫਲਿਸ ਹੁੰਦੇ ਹੋਏ ਮਾਸਕੋ ਜਾ ਪਹੁੰਚੇ। ਮਾਸਕੋ ਵਿਚ ਨਾਜ਼ਿਮ ਹਿਕਮਤ ਨੇ ਮਾਸਕੋ ਵਿਸ਼ਵ ਵਿਦਿਆਲੇ ਵਿਚ ਦਾਖਲਾ ਲੈ ਲਿਆ ਤੇ ਚਾਰ ਸਾਲ ਭਾਸ਼ਾ, ਭੌਤਿਕ ਸ਼ਾਸ਼ਤਰ ਅਤੇ ਰਸਾਇਣ ਸ਼ਾਸ਼ਤਰ ਦਾ ਅਧਿਐਨ ਕੀਤਾ। ਨੌਜਵਾਨ ਹਿਕਮਤ ਨੂੰ ਰੂਸੀ ਕਰਾਂਤੀ ਨੇ ਡੂੰਘੀ ਤਰ੍ਹਾਂ ਪ੍ਰਭਾਵਤ ਕੀਤਾ। ਸਮਾਜਵਾਦੀ ਪ੍ਰਬੰਧ ਨੂੰ ਉਭਰਦੇ, ਵਿਕਸ਼ਿਤ ਹੁੰਦੇ ਵੇਖਣਾ ਹਿਕਮਤ ਲਈ ਅਧਭੁੱਤ ਤਜਰਬਾ ਸੀ। ਆਪਣੇ ਉਸ ਸਮੇਂ ਬਾਰੇ ਰੂਸੀ ਪ੍ਰਵਾਸ ਜੀਵਨ ਨੂੰ ਯਾਦ ਕਰਦੇ ਹੋਏ ਨਾਜ਼ਿਮ ਨੇ ਲਿਖਿਆ ਸੀ, 'ਮੈਂ ਉਨ੍ਹਾਂ ਦਿਨਾਂ ਵਿਚ ਮਾਸਕੋ ਪੁੱਜਿਆ ਸੀ, ਜਦੋਂ ਲਹਿਰਾਂ ਹਰ ਵਰਗ ਨੂੰ ਪ੍ਰਭਾਵਤ ਕਰ ਰਹੀਆਂ ਸਨ, ਜਦੋਂ ਦੁਨੀਆਂ ਦੇ ਛੇਵੇਂ ਹਿੱਸੇ ਨੇ ਮਨੁੱਖਤਾ ਦੇ ਇਤਿਹਾਸ ਨੂੰ ਇਕ ਗਤੀਵਾਨ ਧੱਕਾ ਲਾ ਦਿੱਤਾ ਸੀ, ਅੱਗੇ ਵਧਣ ਵਾਲਾ ਧੱਕਾ।"

ਮਾਸਕੋ ਵਿਚ ਨਾਜ਼ਿਮ ਦੀ ਪ੍ਰਸਿੱਧ ਰੂਸੀ ਕਰਾਂਤੀਕਾਰੀ ਨੌਜਵਾਨ ਕਵੀ ਮਾਇਆਕੋਵਸਕੀ ਨਾਲ ਮੁਲਾਕਾਤ ਹੋਈ। ਇਹ ਮੁਲਾਕਾਤ ਗੂੜ੍ਹੀ ਮਿਤਰਤਾ ਵਿਚ ਬਦਲ ਗਈ। ਮਾਇਆਕੋਵਸਕੀ

ਦੀਆਂ ਛੰਦ ਹੀਣ, ਲੈਅ ਭਰੀਆਂ ਕਵਿਤਾਵਾਂ ਨੇ, ਭਾਸ਼ਾ ਦੇ ਨਵੇਂ ਵਿਸਤਾਰ ਨੇ, ਤੇ ਡੂੰਘੀ ਗੱਲ ਕਰਨ ਦੇ ਢੰਗ ਨੇ ਨਾਜ਼ਿਮ ਦੀ ਕਵਿਤਾ ਨੂੰ ਜੜ੍ਹਾਂ ਤੀਕ ਪ੍ਰਭਾਵਤ ਕੀਤਾ ਭਾਵੇਂ ਕਿ ਮੁਕਤ ਛੰਦ ਵਿਚ, ਉਹ 'ਭੁੱਖਿਆਂ ਦੀਆਂ ਅੱਖਾਂ' ਕਵਿਤਾ ਬਹੁਤ ਪਹਿਲਾਂ ਲਿਖ ਚੁੱਕਾ ਸੀ, ਜਦੋਂ ਹਾਲੀ ਨਾ ਉਨ੍ਹਾਂ ਰੂਸੀ ਭਾਸ਼ਾ ਪੜ੍ਹੀ ਸੀ ਤੇ ਨਾ ਹੀ ਮਾਇਆਕੋਵਸਕੀ ਦਾ ਨਾਂ ਹੀ ਸੁਣਿਆ ਸੀ।

1925 ਵਿਚ ਮਾਸਕੋਂ ਤੋਂ ਵਾਪਸ ਦੇਸ਼ ਪਰਤਣ ਤੇ ਪੁਲਸ ਨੇ ਉਨ੍ਹਾਂ ਨੂੰ ਫੜ ਲਿਆ ਤੇ ਤਿੰਨ ਸਾਲ ਲਈ ਜੇਲ੍ਹ ਭੇਜ ਦਿੱਤਾ। ਉਸ ਪਿਛੋਂ ਉਨ੍ਹਾਂ ਦੀ ਜ਼ਿੰਦਗੀ ਜੇਲ੍ਹ ਜਾਣ ਤੇ ਜੇਲੋਂ ਰਿਹਾ ਹੋਣ ਦਾ ਅਟੁੱਟ ਸਿਲਸਿਲਾ ਹੀ ਬਣ ਗਈ। ਜੇਲ-ਯਾਤਰਾਵਾਂ ਦੇ ਸਮੇਂ ਲਿਖੀਆਂ ਆਪਣੀਆਂ ਉਨ੍ਹਾਂ ਕਵਿਤਾਵਾਂ ਸਦਕਾ, ਜੋ ਬਿਨਾਂ ਦਸਖਤਾਂ ਤੋਂ ਬਾਹਰ ਆਉਂਦੀਆਂ ਸਨ, ਉਨ੍ਹਾਂ ਨੂੰ ਬੜੀ ਪ੍ਰਸਿਧਤਾ ਪ੍ਰਾਪਤ ਹੋਈ।

ਇਹਨਾਂ ਹੀ ਦਿਨਾਂ ਵਿਚ ਉਨ੍ਹਾਂ ਨੇ ਕਿਹਾ, "ਬੇਸ਼ਕ ਉਸ ਘਰ ਵਿਚ ਨਿਸੰਗ ਜਾ ਵੜੋ, ਜਿਥੇ ਪਲੇਗ ਪਈ ਹੋਵੇ, ਪਰ ਉਸ ਘਰ ਦੀ ਸਰਦਲ ਨਾ ਲੰਘਣਾ, ਜਿਥੇ ਸਾਮਰਾਜੀ ਪੂੰਜੀਪਤੀ ਦਲਾਲ ਰਹਿੰਦਾ ਹੋਵੇ।" ਆਪਣੇ ਵਿਸ਼ੇਸ਼ ਅੰਦਾਜ਼ ਵਿਚ ਨਾਜ਼ਿਮ ਆਖਦੇ ਹਨ, "ਜੇ ਅਚਾਨਕ ਤੁਹਾਡਾ ਹੱਥ ਉਸ ਨੂੰ ਛੂਹ ਲਵੇ ਤਾਂ ਉਸ ਨੂੰ ਸੱਤ ਵਾਰ ਧੋਣ ਤੇ ਮੈਂ ਆਪਣੀ ਇਕ ਖੂਬਸੂਰਤ ਕਮੀਜ਼ (ਜਿਹੜੀ ਮੈਂ ਖਾਸ ਮੌਕਿਆਂ ਤੇ ਜਾਂ ਛੁੱਟੀਆਂ ਵਿਚ ਵਰਤਦਾ ਹਾਂ) ਪਾੜ ਕੇ ਤੁਹਾਡੇ ਲਈ ਤੌਲੀਏ ਵਾਂਗੂ ਵਰਤਣ ਲਈ ਦੇ ਦਿਆਂਗਾ।"

ਸੰਨ 1938 ਵਿਚ ਬਹਿਰੀ ਫੌਜ ਦੇ ਸਮੁੰਦਰ ਵਿਚ ਖਲੋਤੇ ਜਹਾਜ਼ ਵਿਚ, ਇਸ ਮਹਾਨ ਕਵੀ ਨੂੰ ਗੁਪਤ ਮੁਕੱਦਮੇ ਰਾਹੀਂ 18 ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਪਰ ਇਹ ਸਜ਼ਾਵਾਂ ਨਾਜ਼ਿਮ ਦੀ ਆਵਾਜ਼ ਨੂੰ ਦਬਾਉਣ ਤੋਂ ਅਸਫਲ ਰਹੀਆਂ। ਕੈਦ ਦੇ 13 ਸਾਲਾਂ ਵਿਚ ਉਨ੍ਹਾਂ ਨੇ ਕਲਾਤਮਿਕ ਉਚਾਈਆਂ ਦੇ ਉੱਚੇ ਤੋਂ ਉੱਚੇ ਸਿਖਰਾਂ ਨੂੰ ਛੋਹਿਆ। ਕਾਗਜ਼ਾਂ ਦੇ ਟੁਕੜਿਆਂ ਤੇ ਲਿਖੀਆਂ ਉਹਨਾਂ ਦੀਆਂ ਆਗਿਆਤ ਕਵਿਤਾਵਾਂ ਬਾਹਰ ਆ ਕੇ ਛਪਦੀਆਂ ਰਹੀਆਂ, ਜਿਨ੍ਹਾਂ ਨੂੰ ਪੜ੍ਹਦੇ ਸੁਣਦੇ ਹੀ ਲੋਕੀ ਜਾਣ ਜਾਂਦੇ ਕਿ ਇਹਨਾਂ ਦਾ ਸਿਰਜਕ ਕੌਣ ਹੈ। ਉਹਨਾਂ ਦੀਆਂ ਹਜ਼ਾਰਾਂ ਪੰਗਤੀਆਂ ਲੋਕਾਂ ਨੂੰ ਜ਼ਬਾਨੀ ਯਾਦ ਹੋ ਗਈਆਂ ਸਨ।

1945 ਦੇ ਨੇੜੇ ਤੇੜੇ ਸੰਸਾਰ ਦੇ ਕਈ ਦੇਸ਼ਾਂ ਵਿਚ ਨਾਜ਼ਿਮ ਦੀ ਰਿਹਾਈ ਲਈ ਆਵਾਜ਼ਾਂ ਉੱਠਣ ਲੱਗ ਪਈਆਂ। 1949 ਵਿਚ ਰਿਹਾਈ ਦੀ ਇਹ ਲਹਿਰ ਹੋਰ ਜ਼ੋਰ ਫੜ ਗਈ। 1950 ਵਿਚ ਨਾਜ਼ਿਮ ਹਿਕਮਤ ਨੇ ਰਿਹਾਈ ਲਈ ਜੇਲ੍ਹ ਵਿਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। 1951 ਵਿਚ ਸੰਸਾਰ ਪੱਧਰ ਦੇ ਅੰਦੋਲਨ ਸਦਕਾ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ। ਰਿਹਾ ਹੁੰਦੇ ਹੀ ਉਹ ਫਿਰ ਮਾਸਕੋ ਚਲੇ ਗਏ ਤੇ ਆਖਰੀ ਸਾਹਾਂ ਤੀਕ ਉੱਥੇ ਹੀ ਰਹੇ। ਰੂਸ ਤੋਂ ਹੀ ਉਹਨਾਂ ਚੀਨ, ਚੈਕੋਸਲੋਵਾਕੀਆ ਤੇ ਜਨਵਾਦੀ ਜਰਮਨ ਲੋਕ ਰਾਜ ਆਦਿ ਦੇਸ਼ਾਂ ਦੀ ਯਾਤਰਾ ਕੀਤੀ। ਦੋ ਜੂਨ 1963 ਵਿਚ ਮਾਸਕੋ ਵਿਚ ਹੀ ਉਹਨਾਂ ਦੀ ਮੌਤ ਹੋਈ।

(ਹਿੰਦੀ ਲੇਖਕ ਸੋਮ ਦੱਤ ਦੇ ਲੇਖ ਦੇ ਆਧਾਰ ਤੇ)



## ਸਵੈ-ਜੀਵਨੀ/ਨਾਜ਼ਿਮ ਹਿਕਮਤ

ਮੈਂ 1902 ਵਿਚ ਜੰਮਿਆ।
ਪਰ ਕਦੇ ਵੀ ਜੱਦੀ ਸ਼ਹਿਰ ਵੱਲ ਪਰਤ ਕੇ ਨਹੀਂ ਗਿਆ।
ਤੇ ਨਾ ਹੀ ਕਦੇ ਦਿਲ ਕੀਤਾ ਹੈ।
ਤਿੰਨ ਸਾਲ ਦੀ ਉਮਰੇ ਮੈਂ ਅਲੀਪੋ ਵਿਚ ਸੀ।
ਉਨ੍ਹੀਵੇਂ ਸਾਲ ਵਿਚ ਪਾਸ਼ਾ ਦਾਦੇ ਦਾ ਪੋਤਾ।
ਉਨ੍ਹੀਵੇਂ ਸਾਲ ਵਿਚ ਮਾਸਕੋ ਦੀ ਕਮਿਊਨਿਸਟ ਯੂਨੀਵਰਸਿਟੀ 'ਚ ਵਿਦਿਆਰਥੀ ਸੀ।
45 ਸਾਲ ਦੀ ਉਮਰੇ ਮੈਂ ਮਾਸਕੋ ਦੀ ਕਮਿਊਨਿਸਟ ਯੂਨੀਵਰਸਿਟੀ 'ਚ ਵਿਦਿਆਰਥੀ ਸੀ।
ਮੈਂ ਕੇਂਦਰੀ ਕਮੇਟੀ ਦੇ ਸੱਦੇ ਤੇ ਮਾਸਕੋ ਗਿਆ ਸੀ।
ਤੇ ਚੌਦਾਂ ਸਾਲ ਦੀ ਉਮਰ ਤੋਂ ਲੱਗ ਕੇ
ਮੈਂ ਕਵੀ ਦਾ ਕਿੱਤਾ ਕਰਦਾ ਹਾਂ।

ਬਥੇਰੇ ਲੋਕ ਨੇ, ਜਿਹੜੇ ਵੰਨ-ਸਵੰਨੀਆਂ ਮੱਛੀਆਂ ਦੇ ਨਾਂ ਦੱਸ ਸਕਦੇ ਨੇ।
ਪਰ ਮੈਂ ਸਿਰਫ ਵਿਛੋੜੇ ਦੀਆਂ ਕਿਸਮਾਂ ਹੀ ਗਿਣਾ ਸਕਦਾ ਹਾਂ।
ਬਥੇਰੇ ਲੋਕ ਨੇ, ਜਿਹੜੇ ਸਿਤਾਰਿਆਂ ਦੇ ਨਾਂ ਸੁਣਾ ਸਕਦੇ ਨੇ।
ਪਰ ਆਪਾਂ ਤਾਂ ਘਰ-ਹੇਰਵੇ ਦੀਆਂ ਕਿਸਮਾਂ ਹੀ ਦੱਸ ਸਕਦੇ ਹਾਂ।

ਮੈਂ ਜੇਲ੍ਹ ਵਿਚ, ਤੇ ਵਧੀਆਂ ਹੋਟਲਾਂ 'ਚ ਠਹਿਰਿਆਂ ਹਾਂ।
ਮੈਂ ਭੁੱਖ ਵੀ ਵੇਖੀ ਹੈ ਤੇ ਭੁੱਖ-ਹੜਤਾਲਾਂ ਵੀ,
ਤੇ ਕਿਹੜੀ ਕੌਲੀ ਹੈ ਜਿਸ ਦਾ ਸੁਆਦ ਨਹੀਂ ਚੱਖਿਆ।

ਜਦੋਂ ਤੀਹ ਵਰ੍ਹਿਆਂ ਦਾ ਸੀ ਤਾਂ ਉਹ ਮੈਨੂੰ
ਫਾਹੇ ਲਾਉਣਾ ਚਾਹੁੰਦੇ ਸਨ।
ਜਦੋਂ ਅਠਤਾਲੀ ਦਾ ਹੋਇਆ ਤਾਂ ਸੰਸਾਰ ਦਾ
ਅਮਨ ਇਨਾਮ ਦੇਣਾ ਚਾਹਿਆ।
ਤੇ ਦੇ ਵੀ ਦਿੱਤਾ।
ਅਠੱਤੀ ਸਾਲ ਦੀ ਉਮਰੇ
ਮੈਂ ਚਾਰ ਮੁਰੱਬਾ ਗਜ਼ ਦਾ ਫਾਸਲਾ
ਛੇ ਮਹੀਨੇ ਵਿਚ ਤਹਿ ਕੀਤਾ ਸੀ
ਤੇ ਉਨਾਹਟ, ਸਾਲ ਦੀ ਉਮਰੇ
ਮੈਂ ਪਰਾਗ ਤੋਂ ਹਵਾਨਾ ਅਠਾਰਾਂ ਘੰਟੇ ਵਿਚ ਜਾ ਪਹੁੰਚਿਆ

ਮੈਂ ਲੈਨਿਨ ਨੂੰ ਜੀਊਂਦੇ ਨੂੰ ਨਹੀਂ ਵੇਖਿਆ
ਪਰ 1924 ਵਿਚ ਉਸ ਦੇ ਜਨਾਜ਼ੇ ਤੇ ਪਹਿਰਾ ਦਿੱਤਾ
1961 ਤੀਕ ਮੈਂ ਲੈਨਿਨ ਦੀਆਂ ਪੁਸਤਕਾਂ
ਰੂਪੀ ਸਮਾਧ ਦੇ ਦਰਸ਼ਨਾਂ ਲਈ ਜਾਂਦਾ ਰਿਹਾ
ਉਹਨਾਂ ਮੈਨੂੰ ਪਾਰਟੀ ਨਾਲੋਂ ਤੋੜਨਾ ਚਾਹਿਆ ਪਰ ਨਿਸਫਲ।
ਮੈਂ ਡਿੱਗਦੇ ਬੁੱਤਾਂ ਦੇ ਭਾਰ ਹੇਠ ਕੁਚਲਿਆ ਨਹੀਂ ਗਿਆ।

1951 ਵਿਚ, ਸਮੁੰਦਰ ਤੇ ਇਕ ਸਾਥੀ ਨਾਲ,
ਮੈਂ ਡੁੱਬ ਜਾਣ ਲੱਗਾ ਸੀ।
1952 ਵਿਚ, ਕਮਜ਼ੋਰ ਦਿਲ ਨਾਲ, ਚਾਰ ਮਹੀਨੇ ਤੀਕ,
ਲੱਕ ਪਰਨੇ ਪਿਆ ਮੈਂ ਮੌਤ ਨੂੰ ਉਡੀਕਦਾ ਰਿਹਾ।

ਪ੍ਰੇਮੀ-ਔਰਤਾਂ ਦੀ ਈਰਖਾ ਦਾ ਡੰਗਿਆ
ਮੈਂ ਕਦੇ ਰਤਾ ਮਾਤਰ ਵੀ ਚਾਰਲੀ ਚੈਪਲਿਨ ਨਾਲ ਈਰਖਾ ਨਹੀਂ ਕੀਤੀ।
ਮੈਂ ਆਪਣੀਆਂ ਪ੍ਰੇਮਕਾਵਾਂ ਨੂੰ ਧੋਖਾ ਨਹੀਂ ਦਿੱਤਾ।
ਤੇ ਦੋਸਤਾਂ ਦੀ ਪਿੱਠ ਪਿੱਛੇ ਕਦੇ
ਉਹਨਾਂ ਦੀ ਬਦਖੋਹੀ ਨਹੀਂ ਕੀਤੀ।

ਮੈਂ ਰੱਜ ਕੇ ਪੀਤੀ ਹੈ, ਪਰ ਕਦੇ ਪੈਰ ਨਹੀਂ ਉਖੜੇ
ਤੇ ਚੰਗੀ ਕਿਸਮਤ ਨੂੰ,
ਮੈਂ ਆਪਣੀ ਰੋਜ਼ੀ-ਰੋਟੀ ਮੁੜ੍ਹਕੋ ਮੁੜ੍ਹਕੀ
ਹੋ ਕੇ ਕਮਾਈ ਹੈ।
ਜੇ ਕਦੇ ਝੂਠ ਵੀ ਬੋਲਣਾ ਪਿਆ, ਤਾਂ ਦੂਜਿਆਂ ਲਈ ਸ਼ਰਮਿੰਦਗੀ ਵਜੋਂ
ਝੂਠ ਬੋਲਿਆ, ਤਾਂ ਕਿ ਦਿਲ ਨਾ ਦੁਖੇ
ਝੂਠ ਬੋਲਿਆ, ਬਿਨਾਂ ਕਿਸੇ ਖ਼ਾਸ ਵਜ੍ਹਾ ਤੋਂ ਵੀ।

ਗੱਡੀ ਦੀ ਯਾਤਰਾ ਵੀ ਕੀਤੀ ਤੇ ਕਾਰ ਤੇ ਵੀ
ਜੀਹਨੂੰ ਬਹੁਤੇ ਆਦਮੀ ਪੁਗਾ ਨਹੀਂ ਸਕਦੇ
ਮੈਂ ਉਪੇਰਾ ਵੇਖਣ ਵੀ ਗਿਆ ਸਾਂ
ਜੀਹਦੇ ਬਾਰੇ ਬਹੁਤੇ ਲੋਕ ਕੁਝ ਨਹੀਂ ਜਾਣਦੇ
1921 ਤੋਂ ਮੈਂ ਉਹਨਾਂ ਥਾਵਾਂ ਤੇ ਨਹੀਂ ਗਿਆ
ਜਿੱਥੇ ਕਿ ਬਹੁਤੇ ਲੋਕ ਜਾਂਦੇ ਹਨ;



ਮਕਬਰੇ, ਗਿਰਜੇ, ਯਹੂਦੀਆਂ ਦੇ ਪ੍ਰਾਰਥਨਾ ਘਰ,
ਮੰਦਰ ਤੇ ਜੋਤਸ਼ੀ।
ਮੈਂ ਭਵਿੱਖ ਕਾਫ਼ੀ ਦੇ ਖੇਤਾਂ 'ਚੋਂ ਪੜ੍ਹਿਆ ਹੈ।

ਮੈਂ ਤੀਹ ਜਾਂ ਚਾਲੀ ਬੋਲੀਆਂ ਵਿਚ ਛਪ ਚੁੱਕਾ ਹਾਂ
ਪਰ ਆਪਣੇ ਦੇਸ਼ ਤੁਰਕੀ ਵਿਚ ਮੈਨੂੰ ਛਾਪਣ ਤੇ ਪਾਬੰਦੀ ਹੈ।

ਅਜੇ ਤੀਕ ਮੈਨੂੰ ਕੈਂਸਰ ਨਹੀਂ ਹੋਇਆ
ਤੇ ਇਹ ਜ਼ਰੂਰੀ ਵੀ ਨਹੀਂ।
ਮੈਂ ਪ੍ਰਧਾਨ ਮੰਤਰੀ ਨਹੀਂ ਬਣਨਾ ਚਾਹੁੰਦਾ।
ਮੈਂ ਕਦੇ ਕਿਸੇ ਜੰਗ ਵਿਚ ਨਹੀਂ ਲੜਿਆ
ਨਾ ਕਦੇ ਰਾਤ-ਬਰਾਤੇ, ਹਵਾਈ-ਹੱਲੇ ਵੇਲੇ
ਲੁੱਕਣ ਲਈ, ਖੰਦਕ ਵਿਚ ਹੀ ਗਿਆ ਹਾਂ।
ਮੈਂ ਸ਼ਰਨਾਰਥੀਆਂ ਦੇ ਕਾਫ਼ਲੇ ਨਾਲ ਨਹੀਂ ਤੁਰਿਆ
ਜਿਸ ਤੇ ਦੁਸ਼ਮਣ ਦੇ ਹਵਾਈ-ਜਹਾਜ਼
ਬੰਬ-ਬਾਰੀ ਕਰਦੇ ਹੋਣ।

ਜਦ ਮੈਂ ਸੱਠਾਂ ਦਾ ਹੋਇਆ
ਤਾਂ ਇਸ਼ਕ ਕਰਨ ਲੱਗਾ।

ਸੰਖੇਪ ਵਿਚ, ਦੋਸਤ।
ਏਥੇ ਬਰਲਿਨ ਵਿਚ, ਆਪਣੇ ਘਰ ਨੂੰ ਵਫ਼ਾਦਾਰ
ਕੁੱਤੇ ਵਾਂਗ ਤਰਸਦਿਆਂ, ਕਹਿ ਨਹੀਂ ਸਕਦਾ
ਕਿ ਮੈਂ ਸਦਾ ਬੰਦਿਆਂ ਵਾਂਗ ਜ਼ਿੰਦਗੀ
ਬਤੀਤ ਕੀਤੀ ਹੈ।

ਪਰ ਕੀਹਨੂੰ ਪਤਾ ਹੈ
ਮੇਰੀ ਲਈ ਅੱਗੇ ਕੀ ਹੋਣ ਵਾਲਾ ਹੈ
ਜਾਂ ਭਵਿੱਖ ਕੀ ਲਈ ਖਲੋਤਾ ਹੈ?

(11 ਸਤੰਬਰ, 1961, ਬਰਲਿਨ)

## ਨਾਜ਼ਿਮ ਹਿਕਮਤ ਦੀਆਂ ਯਾਦਾਂ/ਕਨਸਤੋਨਤਿਨ ਸਿਮੋਨੋਵ

ਜਿਸ ਮਨੁੱਖ ਨੂੰ, ਅੱਜ ਅਸੀਂ ਯਾਦ ਕਰ ਰਹੇ ਹਾਂ, ਉਸ ਦੀ ਜੀਵਨੀ ਬੜੀ ਅਸਚਰਜ ਤੇ ਸਾਦਾ ਹੈ। ਉਹ ਇਸ ਸਦੀ ਦੇ ਆਰੰਭ ਵਿਚ ਤੁਰਕੀ ਵਿਚ ਜਨਮਿਆ ਸੀ ਤੇ ਸੱਠਵਿਆਂ ਦੇ ਆਰੰਭ ਵਿਚ ਮਾਸਕੋ ਵਿਖੇ ਮਰਿਆ। ਉਹ ਆਪਣੇ ਜੀਵਨ ਦੇ ਸੱਠਾਂ ਸਾਲਾਂ ਵਿਚੋਂ, ਚਾਲੀ ਸਾਲ ਇਕ ਕਵੀ ਵਜੋਂ ਜੀਵਿਆ ਤੇ ਏਨੇ ਹੀ ਸਾਲ ਇਕ ਕਮਿਊਨਿਸਟ ਵਜੋਂ। ਉਹਨੇ ਲੱਗਭਗ ਪੰਦਰਾਂ ਸਾਲ ਤੁਰਕੀ ਦੀਆਂ ਜੇਲ੍ਹਾਂ ਵਿਚ ਕੱਟੇ।

ਉਸ ਨੇ ਆਪਣੀ ਕਵਿਤਾ ਦੀ ਪਹਿਲੀ ਪੁਸਤਕ ਤੁਰਕੀ ਭਾਸ਼ਾ ਵਿਚ, ਸੋਵੀਅਤ ਰੂਸ ਵਿਚ ਛਪਵਾਈ—ਇਹ ਕੈਦ ਤੋਂ ਪਹਿਲਾਂ ਦੀ ਗੱਲ ਹੈ, ਜਿਹੜੀ ਕਿ ਪਿੱਛੋਂ ਸ਼ੁਰੂ ਹੋਈ। ਪੰਜਾਹ ਸਾਲ ਦੀ ਉਮਰ ਵਿਚ ਜੇਲ੍ਹ ਪਿੱਛੋਂ, ਉਹ ਇਕ ਬੇੜੀ ਵਿਚ ਬੈਠ, ਕਾਲੇ ਸਾਗਰ ਨੂੰ ਚੀਰ, ਸੋਵੀਅਤ ਯੂਨੀਅਨ ਪਹੁੰਚ ਗਿਆ। ਆਪਣੀ ਮੌਤ ਤੋਂ ਪਹਿਲਾਂ, ਜੀਵਨ ਦੇ ਆਖਰੀ ਸਾਲਾਂ ਵਿਚ, ਉਸ ਨੇ ਅਮਨ ਲਈ ਲੜਦਿਆਂ ਅੱਧੀ ਦੁਨੀਆਂ ਦੀ ਯਾਤਰਾ ਕੀਤੀ। ਉਹ ਫਾਸ਼ੀਵਾਦ ਨੂੰ ਨਫਰਤ ਕਰਦਾ ਸੀ ਤੇ ਕਮਿਊਨਿਜ਼ਮ ਵਿਚ ਵਿਸ਼ਵਾਸ। ਉਹ ਆਪਣੀ ਮਾਤ-ਭੂਮੀ ਤੁਰਕੀ ਨੂੰ ਬੜਾ ਪਿਆਰ ਸੀ। ਉਹ ਲੈਨਿਨ ਦੇ ਰੂਸ ਨੂੰ ਪਿਆਰਦਾ ਸੀ। ਉਹ ਅਚਾਨਕ ਹੀ ਮਰ ਗਿਆ, ਸ਼ਾਇਦ ਇਤਨਾ ਅਚਾਨਕ ਕਿ ਅਜੇ ਉਸ ਨੇ ਮੌਤ ਬਾਰੇ ਸੋਚਿਆ ਵੀ ਨਹੀਂ ਸੀ। ਆਪਣੇ ਪਿੱਛੇ ਉਹ ਅਜਿਹੀਆਂ ਪੁਸਤਕਾਂ ਛੱਡ ਗਿਆ, ਜਿਹੜੀਆਂ ਮਰ ਨਹੀਂ ਸਕਦੀਆਂ।

ਜਿਹੜੇ ਲੋਕ ਤੁਰਕੀ ਭਾਸ਼ਾ ਜਾਣਦੇ ਨੇ, ਜਿਸ ਵਿਚ ਕਿ ਉਹ ਲਿਖਦਾ ਸੀ, ਆਖਦੇ ਨੇ ਕਿ ਉਹ ਮਹਾਨ ਕਵੀ ਸੀ। ਜਿਹੜੇ ਲੋਕ ਤੁਰਕੀ ਭਾਸ਼ਾ ਨਹੀਂ ਜਾਣਦੇ ਤੇ ਜਿਨ੍ਹਾਂ ਨੇ ਉਸ ਦੀ ਕਵਿਤਾ ਅਨੁਵਾਦਾਂ ਰਾਹੀਂ ਹੀ ਪੜ੍ਹੀ ਹੈ, ਉਹ ਵੀ ਇਹੀ ਗੱਲ ਆਖਦੇ ਨੇ।

ਉਸ ਦੀ ਜੀਵਨੀ ਆਰੰਭ ਤੋਂ ਅੰਤ ਤੱਕ ਉਸ ਦੀ ਕਵਿਤਾ ਵਿਚ ਵਧੀਆ ਢੰਗ ਨਾਲ ਦੱਸੀ ਹੋਈ ਹੈ, ਤੇ ਇਹ, ਉਸ ਨੂੰ ਜਾਨਣ ਵਾਲੇ ਸਾਡੇ ਵਰਗੇ ਲੋਕਾਂ ਨਾਲੋਂ ਵਧੀਆ ਤਰ੍ਹਾਂ ਦੱਸੀ ਗਈ ਹੈ।

ਉਸ ਦੀ ਜੀਵਨੀ ਉਸ ਦੀ ਵਾਰਤਕ ਤੇ ਨਾਟਕਾਂ ਵਿਚ ਵੀ ਦੱਸੀ ਗਈ ਹੈ, ਪਰ ਉਸ ਦੀ ਕਵਿਤਾ ਰਾਹੀਂ ਇਹ ਅਦੁੱਤੀ ਖੂਬਸੂਰਤੀ ਨਾਲ ਦੱਸੀ ਗਈ ਹੈ। ਕਿਉਂਕਿ ਇਕ ਵਾਰਤਕ ਲੇਖਕ ਵਜੋਂ ਉਹ ਪ੍ਰਤਿਭਾਸ਼ੀਲ ਸੀ, ਇਕ ਨਾਟਕਕਾਰ ਵਜੋਂ ਵਚਿੱਤਰ ਤੇ ਇਕ ਕਵੀ ਵਜੋਂ ਮਹਾਨ।

ਉਸ ਦੀਆਂ ਕਵਿਤਾਵਾਂ ਤੇ ਨਾਟਕਾਂ ਦੇ ਸੰਗ੍ਰਹਿ ਪਹਿਲਾਂ ਵੀ ਤੇ ਹਾਲੀ ਵੀ ਕਈ ਦੇਸ਼ਾਂ ਵਿਚ ਛਪੇ ਤੇ ਛਪਦੇ ਪਏ ਨੇ। ਸੋਵੀਅਤ ਯੂਨੀਅਨ ਵਿਚ ਉਸ ਦੀ ਰਚਨਾ, ਰੂਸੀ ਭਾਸ਼ਾ ਵਿਚ, ਛੇ ਜਿਲਦਾਂ ਵਿਚ ਛਪ ਚੁੱਕੀ ਹੈ। ਮੈਂ ਅਨੁਭਵ ਕਰਦਾ ਹਾਂ ਕਿ ਉਹ ਸਮਾਂ ਦੂਰ ਨਹੀਂ, ਜਦੋਂ ਵੀਹਵੀਂ ਸਦੀ ਦੇ ਮਹਾਨ ਕਵੀਆਂ ਵਿਚੋਂ ਇਕ, ਦੀਆਂ ਮੁਕੰਮਲ ਰਚਨਾਵਾਂ ਉਸ ਦੀ ਮਾਤ-ਭੂਮੀ ਵਿਚ ਛਪਣਗੀਆਂ, ਮਾਤ-ਭੂਮੀ, ਜਿੱਥੇ ਉਹ ਜੰਮਿਆ, ਜਿਸ ਦੇ ਲੋਕਾਂ ਨੂੰ ਉਹ ਆਪਣੇ ਜੀਵਨ ਦੇ ਆਖਰੀ ਦਿਨ ਤੱਕ, ਮਾਣ ਨਾਲ, ਕੋਮਲਤਾ ਨਾਲ ਤੇ ਪੂਜਾ ਕਰਨ ਵਾਂਗ ਪਿਆਰ ਕਰਦਾ ਰਿਹਾ।

ਉਸ ਦੀਆਂ ਕਵਿਤਾਵਾਂ ਤੇ ਨਾਟਕ-ਸੰਗ੍ਰਹਿਆਂ ਦੀਆਂ ਕਈ ਆਦਿਕਾਵਾਂ ਤੇ ਅੰਤਿਕਾਵਾਂ



ਲਿਖੀਆਂ ਗਈਆਂ ਹਨ, ਜਿਨ੍ਹਾਂ ਵਿਚ ਉਹ ਆਪਣੀ ਰਚਨਾ ਤੇ ਜੀਵਨ ਬਾਰੇ ਵਿਸਥਾਰ ਨਾਲ ਦੱਸਦਾ ਰਿਹਾ ਹੈ। ਖੋਜ-ਨਿਬੰਧ ਤੇ ਪੁਸਤਕਾਂ ਵੀ ਉਸ ਬਾਰੇ ਲਿਖੀਆਂ ਗਈਆਂ ਹਨ ਤੇ ਛਪੀਆਂ ਹਨ, ਤੇ ਉਸ ਬਾਰੇ ਹੋਰ ਵਧੇਰੇ ਲਿਖਿਆ ਤੇ ਛਾਪਿਆ ਜਾਵੇਗਾ। ਜੇ ਇੰਝ ਨਾ ਹੋਇਆ ਤਾਂ ਅਚੰਭਾ ਹੋਵੇਗਾ। ਪਰ ਮੈਂ ਨਾਜ਼ਿਮ ਹਿਕਮਤ ਦੀ ਰਚਨਾ ਬਾਰੇ ਇਕ ਹੋਰ ਲੇਖ ਲਿਖਣ ਲਈ ਤਿਆਰ ਨਹੀਂ ਹਾਂ, ਮੈਂ ਤਾਂ ਸਿਰਫ ਯਾਦ ਕਰਨਾ ਚਾਹੁੰਦਾ ਹਾਂ ਕਿ ਉਹ ਕਿਸ ਤਰ੍ਹਾਂ ਦਾ ਸੀ ਤੇ ਇਹ ਦੱਸਣਾ ਹੈ ਕਿ ਮੈਂ ਉਸ ਦੀਆਂ ਕਵਿਤਾਵਾਂ ਨੂੰ ਕਿਉਂ ਪਿਆਰਦਾ ਹਾਂ।

ਉਹ ਲੰਮਾ, ਸੁੰਦਰ, ਬਲਵਾਨ ਤੇ ਲਾਲ-ਵਾਲਾਂ ਵਾਲਾ ਸੀ, ਉਸ ਦੀਆਂ ਅੱਖਾਂ ਨੀਲੀਆਂ ਤੇ ਚਿਹਰਾ ਬਾਜ਼ ਵਰਗਾ ਪਰ ਛੋਟਾ ਸੀ। ਉਹ ਨਿੱਕੇ ਕਦਮ ਪੁੱਟਦਾ ਸੀ ਤੇ ਚੁਸਤੀ ਨਾਲ ਹੱਥ ਮਿਲਾਉਂਦਾ ਸੀ। ਉਹ ਭੂਮਿਕਾ ਬੰਨ੍ਹਣ ਤੋਂ ਬਿਨਾਂ ਹੀ, ਗੱਲਾਂ ਕਰਨਾ ਪਸੰਦ ਕਰਦਾ ਸੀ ਤੇ ਸਿੱਧਾ ਆਪਣੇ ਨੁਕਤੇ ਵੱਲ ਜਾਂਦਾ ਸੀ (ਆਪਣੀਆਂ ਕਵਿਤਾਵਾਂ ਵਾਂਗ) ਉਹ ਆਪਣੀ ਮੁਸਕਾਨ ਰਾਹੀਂ ਨਾਰਾਜ਼ ਹੁੰਦਾ ਤੇ ਮੁਸਕਾਨ ਰਾਹੀਂ ਹੱਸਦਾ ਸੀ, (ਉਸ ਦੀ ਕਵਿਤਾ ਵਿਚ ਵੀ ਇੰਝ ਹੀ ਸੀ) ਜਦੋਂ ਉਹ ਲੋਕਾਂ ਨੂੰ ਮਿਲਣ ਜਾਂਦਾ ਸੀ ਤਾਂ ਬੜਾ ਸੌਖਾ ਅਨੁਭਵ ਕਰਦਾ ਸੀ ਤੇ ਜਦੋਂ ਲੋਕ ਉਸ ਨੂੰ ਮਿਲਣ ਆਉਂਦੇ ਤਾਂ ਖੁਸ਼ ਹੁੰਦਾ ਸੀ ਤੇ ਬਿਨਾਂ ਭੂਮਿਕਾ ਦੇ ਝਟ ਪਟ, ਖੁਸ਼ ਹੋ ਜਾਂਦਾ ਸੀ। ਉਹ ਅੱਗ ਬਾਲਣ ਤੇ ਆਪਣੇ ਮਿੱਤਰ ਲਈ ਖੁਦ ਰਿੰਨ੍ਹ-ਪਕਾ ਕੇ ਖੁਸ਼ ਹੁੰਦਾ ਸੀ ਤੇ ਜਦੋਂ ਉਹਦੇ ਮਿੱਤਰ ਉਹਦੇ ਲਈ ਇੰਝ ਕਰਦੇ ਤਾਂ ਬੜਾ ਖੁਸ਼ ਹੁੰਦਾ ਸੀ। ਉਹ ਸ਼ਰਾਬ ਦੀ, ਮੀਟ ਦੀ, ਤੇ ਰੋਟੀ ਦੀ ਸੁਗੰਧੀ ਨੂੰ ਪਿਆਰਦਾ ਸੀ।

ਉਹ ਇਸ ਸਾਰੇ ਕੁਝ ਨੂੰ ਖੁੱਲ੍ਹੀ ਤਰ੍ਹਾਂ, ਕੁਦਰਤੀ ਤੌਰ ਤੇ ਪਿਆਰਦਾ ਸੀ, ਬਿਨਾਂ ਕਿਸੇ ਮਹੱਤਵ ਦੇਣ ਤੋਂ, ਉਹ ਰਜੇਵੇਂ ਦੀ ਗੰਧ ਨੂੰ ਤੇ ਰੱਜੇ ਪੁੱਜੇ ਹੋਣ ਦੀ ਬੂ ਨੂੰ ਬਰਦਾਸ਼ਤ ਨਹੀਂ ਸੀ ਕਰਦਾ, ਜਦੋਂ ਕਿਤੇ ਵੀ ਇਹ ਗੱਲਾਂ ਕਿਸੇ ਦੇ ਘਰ ਵਿਚ ਭਾਰੂ ਹੋ ਜਾਂਦੀਆਂ ਸਨ। ਸਭ ਤੋਂ ਉੱਤੇ ਉਹ ਰਾਸ਼ਟਰਵਾਦ ਦੀ ਗੰਧ ਨੂੰ ਘਿਰਣਾ ਕਰਦਾ ਸੀ। ਜਦੋਂ ਹੀ ਉਸ ਨੂੰ ਕਿਸੇ ਦੇ ਸ਼ਬਦਾਂ ਵਿਚ ਰਤੀ ਭਰ ਇਸ ਸੜਾਂਦ ਦਾ ਪਤਾ ਲਗਦਾ, ਉਸ ਦੀਆਂ ਨਾਸਾਂ ਭੁੱਖਿਆਂ ਵਾਂਗ ਫਰਕਣ ਲਗਦੀਆਂ ਤੇ ਉਹ ਹੰਗਾਮਾ ਖੜ੍ਹਾ ਕਰ ਲੈਂਦਾ, ਭਾਵੇਂ ਹਾਲੀ ਵੀ ਉਹ ਮੁਸਕਰਾਉਂਦਾ ਰਹਿੰਦਾ। ਉਸ ਦੇ ਕੋਲ ਹੁੰਦਿਆਂ ਤੁਰਕਾਂ, ਆਰਮੀਨੀਆਂ, ਜਾਂ ਫਰਾਂਸੀਸੀ, ਜਾਂ ਰੂਸੀ, ਜਾਂ ਯਹੂਦੀਆ ਬਾਰੇ, ਗੱਲ ਕੀ ਕਿਸੇ ਬਾਰੇ ਵੀ, ਕੋਈ ਬੁਰੀ ਗੱਲ ਕਰਨੀ ਅਸੰਭਵ ਸੀ।

ਉਹ ਤੁਰਕ ਸੀ ਤੇ ਆਪਣੇ ਲੋਕਾਂ ਨੂੰ ਅਥਾਹ ਪਿਆਰ ਕਰਦਾ ਸੀ, ਪਰ ਉਸ ਦੇ ਹੁੰਦਿਆਂ ਕਿਸੇ ਵੀ ਕੌਮ ਬਾਰੇ ਪੱਬਾਂ ਭਾਰ ਹੋ ਕੇ ਗੱਲਾਂ ਕਰਨੀਆਂ ਅਸੰਭਵ ਸਨ।

ਉਹ ਸੁਦ੍ਰਿੜ ਕਮਿਊਨਿਸਟ ਸੀ, ਪਰ ਦੂਜਿਆਂ ਨਾਲ ਗੱਲਾਂ ਕਰਦੇ ਹੋਏ, ਉਹ ਆਪਣੀਆਂ ਦਲੀਲਾਂ ਵਿਚ ਇਸ ਦਾ ਵਿਖਾਵਾ ਨਹੀਂ ਕਰਦਾ ਸੀ, ਸ਼ਾਇਦ ਕਮਿਊਨਿਜ਼ਮ ਵਿਚ ਆਪਣੇ ਅਡੋਲ ਵਿਸ਼ਵਾਸ ਕਾਰਨ ਕਿ ਅੰਤ ਨੂੰ ਇਹ ਮਨੁੱਖ ਜਾਤੀ ਦਾ ਭਵਿੱਖ ਹੈ।

ਉਹ ਸਭ ਭਾਸ਼ਾਵਾਂ ਬੋਲਣ ਵਾਲੇ ਬੱਚਿਆਂ ਨੂੰ ਪਿਆਰ ਕਰਦਾ ਸੀ, ਉਸਾਰੇ ਗਏ ਸਾਰੇ ਸ਼ਹਿਰਾਂ ਨੂੰ ਵੀ, ਤੇ ਮਨੁੱਖ ਜਾਤੀ ਦੇ ਹੱਥਾਂ ਨਾਲ ਵਾਹੀ ਗਈ ਸਾਰੀ ਧਰਤੀ ਨੂੰ ਵੀ।

ਉਹ ਵੱਖ-ਵੱਖ ਭਾਸ਼ਾਵਾਂ ਵਿਚ ਉਚਾਰੀਆਂ ਜਾਂਦੀਆਂ ਕਵਿਤਾਵਾਂ ਸੁਣਨੀਆਂ ਪਸੰਦ ਕਰਦਾ ਸੀ, ਤੇ ਆਪਣੇ ਚਿਹਰੇ ਉਤਲੇ ਪ੍ਰਗਟਾਅ ਤੋਂ, ਜਿਸ ਨੂੰ ਉਸ ਨੇ ਆਪਣੀ ਹਥੇਲੀ ਨਾਲ ਢਾਸਣਾ ਦਿੱਤਾ ਹੁੰਦਾ ਸੀ। ਜਦੋਂ ਕਿ ਉਹ ਅੱਧ-ਖੁੱਲ੍ਹੀਆਂ ਅੱਖਾਂ ਨਾਲ ਉਹਨਾਂ ਨੂੰ ਗਹੁ ਨਾਲ ਸੁਣ ਰਿਹਾ ਹੁੰਦਾ ਸੀ। ਇਹ ਸਪੱਸ਼ਟ ਸੀ ਕਿ ਉਹ ਔਖੇਰੀ ਗੱਲ ਨੂੰ ਸਮਝਣ ਦਾ ਯਤਨ ਕਰ ਰਿਹਾ ਹੁੰਦਾ ਸੀ ਤੇ ਉਹ ਚਾਹੁੰਦਾ ਸੀ ਕਿ ਔਖੀ ਗੱਲ ਸੁੰਦਰ ਵੀ ਹੋਵੇ।

ਉਹ ਅਮੋੜ ਵਾਦ-ਵਿਵਾਦੀ ਸੀ। ਉਹ ਹਰ ਸਮੇਂ ਹਰ ਇਕ ਨਾਲ ਦਲੀਲਬਾਜ਼ੀ ਵਿਚ ਪੈ ਜਾਂਦਾ ਸੀ, ਜਿਸ ਨਾਲ ਕਿ ਉਹ ਸਹਿਮਤ ਨਹੀਂ ਸੀ ਹੋਇਆ ਹੁੰਦਾ। ਉਹ ਹਰ ਇਕ ਨਾਲ ਗੱਲ ਕਰਨ ਲਈ ਤਤਪਰ ਰਹਿੰਦਾ ਸੀ, ਕਿਉਂਕਿ ਉਹ ਕਿਸੇ ਨੂੰ ਘਿਰਣਾ ਨਹੀਂ ਕਰਦਾ ਸੀ। ਉਹ ਕਦੇ ਨਹੀਂ ਇਹ ਸੀ ਸੋਚਦਾ ਕਿ ਇਹ ਜਾਂ ਉਹ ਆਦਮੀ ਹਿਕਮਤ ਨਾਲ ਗੱਲ ਕਰਨ ਦੇ ਕਾਬਿਲ ਨਹੀਂ ਹੈ। ਉਸ ਲਈ ਹਰ ਮਨੁੱਖ ਉਸ ਦੇ ਆਪਣੇ ਵਰਗਾ ਹੀ ਲਗਦਾ ਸੀ। ਉਹ ਹਰ ਇਕ ਨੂੰ ਪਿਆਰ ਤੇ ਘਿਰਣਾ ਕਰਨ ਲਈ ਤਿਆਰ ਹੁੰਦਾ ਸੀ।

ਮੈਂ ਕਦੇ ਵੀ ਉਸ ਦੇ ਚਿਹਰੇ ਤੇ ਅਕੇਵੇਂ-ਭਰਿਆ ਪ੍ਰਗਟਾਵਾ ਨਹੀਂ ਵੇਖਿਆ ਸੀ। ਸਭ ਲੋਕ ਆਪਣੇ ਆਪਣੇ ਢੰਗ ਨਾਲ, ਉਸ ਨੂੰ ਦਿਲਚਸਪ ਲਗਦੇ ਸੀ। ਤੇ ਜਦੋਂ ਕਈ ਵਾਰ ਉਸ ਦੇ ਖਿਆਲ ਵਿਚ ਕੋਈ ਬੰਦਾ ਅਕਾਊ ਲਗਦਾ ਵੀ ਸੀ, ਹਿਕਮਤ ਉਸ ਵੱਲ ਦਿਲਚਸਪੀ ਨਾਲ ਵਧਦਾ ਸੀ।

"ਵੇਖੋ, ਉਹ ਕਿੰਨਾ ਸਿਰ-ਖਾਊ ਹੈ।" ਉਸ ਨੂੰ ਇਸ ਕਾਰਨ ਦਿਲਚਸਪੀ ਸੀ, ਕਿਉਂਕਿ ਉਹ ਆਦਮੀ ਅਕਾਊ ਸੀ। ਇਹ ਯੋਗਤਾ ਉਸ ਨੇ ਕਿਥੋਂ ਪ੍ਰਾਪਤ ਕੀਤੀ ਸੀ?

ਲੋਕਾਂ ਨੂੰ ਸੰਬੋਧਨ ਕਰਦਾ ਉਹ ਅਕਸਰ ਕਹਿੰਦਾ, "ਸੁਣ, ਭਰਾਵਾ।" ਇਹ ਸ਼ਬਦ ਤਜਰਮਾ ਕਰਨੇ ਨਿਰਸੰਦੇਹ ਔਖੇ ਹਨ, ਪਰ ਅਸਾਧਾਰਨ ਤੁਰਕੀ ਉਚਾਰਨ ਸਦਕਾ, ਉਸ ਦੀ ਰੂਸੀ ਭਾਸ਼ਾ ਵਿਚ ਇਹ ਮਹੱਤਵਪੂਰਨ ਸੁਣਾਈ ਦਿੰਦੇ ਸੀ।

"ਸੁਣ, ਭਰਾਵਾ", ਉਹ ਉਸ ਆਦਮੀ ਨੂੰ ਸੰਬੋਧਨ ਕਰਕੇ ਕਹਿੰਦਾ, ਜਿਸ ਨੂੰ ਰੂਸ ਵਿਚ ਆਪਣੀ ਪਹਿਲੀ ਫੇਰੀ ਸਮੇਂ ਤੋਂ ਉਹ ਪੰਜਾਹ ਸਾਲਾਂ ਤੋਂ ਜਾਣਦਾ ਹੁੰਦਾ ਸੀ।

"ਸੁਣ, ਭਰਾਵਾ" ਉਹ ਭਾਸ਼ਾ ਵਿਗਿਆਨ ਦੇ ਉਸ ਵਿਦਿਆਰਥੀ ਨੂੰ ਆਖਦਾ, ਜਿਹੜਾ ਪਹਿਲੀ ਵਾਰ ਉਸ ਦੇ ਘਰ ਮਿਲਣ ਆਇਆ ਹੁੰਦਾ। "ਸੁਣ, ਭਰਾਵਾ", ਉਹ ਕਾਰ ਤੋਂ ਬਾਹਰ ਸਿਰ ਕੱਢ ਕੇ ਪੁਲੀਸ ਦੇ ਆਦਮੀ ਨੂੰ ਕਹਿੰਦਾ।

ਇਹ ਸੰਬੋਧਨ ਕਰਨ ਦਾ ਉਸ ਦਾ ਅਚੰਭੇ ਭਰਿਆ ਢੰਗ ਸੀ, ਜਿਸ ਦੇ ਪਿੱਛੇ ਇਹ ਸੁੰਦਰ ਪਰ ਦ੍ਰਿੜ ਭਰੋਸਾ ਕੰਮ ਕਰਦਾ ਸੀ ਕਿ ਓਹ ਸਭ ਲੋਕ ਉਸ ਲਈ ਹਰ ਕੰਮ ਖੁਸ਼ੀ-ਖੁਸ਼ੀ ਕਰਨ ਲਈ ਤਿਆਰ ਹੋਣਗੇ ਅਤੇ ਬਦਲੇ ਵਿਚ ਉਹ ਵੀ ਉਹਨਾਂ ਸਭ ਲਈ ਹਰ ਕੰਮ ਕਰਨ ਦੀ ਕੋਸ਼ਿਸ਼ ਕਰੇਗਾ।

ਜਿੱਥੋਂ ਤੱਕ ਮੇਰੀ ਗੱਲ ਹੈ, ਮੈਂ ਇਹ ਸ਼ਬਦ ਉਸ ਦੇ ਬੁੱਲ੍ਹਾਂ ਤੋਂ ਪਹਿਲੀ ਵਾਰ ਉਦੋਂ ਸੁਣੇ, ਜਦੋਂ ਉਸ ਨੂੰ 1951 ਵਿਚ ਇਕ ਜਹਾਜ਼ ਵਿਚੋਂ ਉੱਤਰ ਕੇ ਰੂਸੀ ਭੋਂ ਤੇ ਆਏ ਨੂੰ ਅਜੇ ਪੰਦਰਾਂ ਮਿੰਟ ਵੀ ਨਹੀਂ ਹੋਏ ਸੀ।

ਜਹਾਜ਼ ਉਸ ਥਾਂ ਵੱਲ ਨੂੰ ਰਿੜਿਆ ਆਉਂਦਾ ਸੀ, ਜਿੱਥੇ ਅਸੀਂ ਖਲੋਤੇ ਹੋਏ ਸੀ, ਸਾਡੇ



ਵਿਚੋਂ ਹਰ ਇਕ ਚੁੱਪ-ਚਾਪ ਹੈਰਾਨ ਹੋ ਰਿਹਾ ਸੀ ਕਿ ਅਗਲੇ ਛਿਣ ਅਸੀਂ ਕਿਸ ਤਰ੍ਹਾਂ ਦੇ ਵਿਅਕਤੀ ਨੂੰ ਤੱਕਾਂਗੇ। ਜੇਲ੍ਹ ਵਿਚ ਪੰਦਰਾਂ ਸਾਲ ਦੀ ਕੈਦ, ਫਿਰ ਕਈ ਮਹੀਨੇ ਘਰ ਵਿਚ ਨਜ਼ਰਬੰਦ, ਫਿਰ ਸਮੁੰਦਰੋਂ ਪਾਰ ਦਲੇਰੀ ਭਰੀ ਉਡਾਰੀ, ਕੱਲ੍ਹ ਦਾ ਦੋਸ਼ੀ ਕਿਵੇਂ ਲੱਗੇਗਾ, ਦੋਸ਼ੀ ਜਿਹੜਾ ਕਿ ਜਹਾਜ ਦੀ ਬਾਰੀ ਵਿਚੋਂ ਬਾਹਰ ਨਿਕਲ ਕੇ ਪਟੜੀ ਉੱਤੇ ਮਾਸਕੋ ਦੀ ਮਿੱਟੀ 'ਤੇ ਤੁਰ ਕੇ ਆਉਣ ਵਾਲਾ ਸੀ।

ਇਕ ਲਾਲ ਵਾਲਾਂ ਵਾਲਾ, ਉੱਚਾ ਲੰਮਾ ਸੁੰਦਰ ਮਨੁੱਖ ਸਾਨੂੰ ਮਿਲਣ ਲਈ ਹੇਠਾਂ ਉੱਤਰਿਆ। ਉਸ ਦੀ ਤੋਰ ਦ੍ਰਿੜ ਤੇ ਹੌਲੀ ਫੁੱਲ ਸੀ। ਉਸ ਦਾ ਸਿਰ ਥੋੜ੍ਹਾ ਜਿਹਾ ਆਕੜਿਆ ਹੋਇਆ ਤੇ ਉਸ ਦੀਆਂ ਹਲਕੇ ਨੀਲੇ ਰੰਗ ਦੀਆਂ ਅੱਖਾਂ ਉਤਸੁਕਤਾ ਨਾਲ ਭਰੀਆਂ ਹੋਈਆਂ ਸਨ। ਸਾਨੂੰ ਇਹ ਅਨੁਭਵ ਕਰਨ ਵਿਚ ਪੰਦਰਾਂ ਮਿੰਟ ਲੱਗੇ, ਕਿ ਉਹ ਏਥੇ ਆਰਾਮ ਕਰਨ ਲਈ ਨਹੀਂ, ਆਪਣੀਆਂ ਜਿੱਤਾਂ ਦੀ ਕਮਾਈ ਖਾਣ ਲਈ ਨਹੀਂ, ਤੇ ਨਾ ਹੀ ਆਪਣੇ ਜ਼ਖ਼ਮਾਂ ਨੂੰ ਠੀਕ ਕਰਨ ਲਈ ਆਇਆ ਹੈ। ਉਹ ਏਥੇ ਜੀਉਣ, ਕੰਮ ਕਰਨ, ਲੜਨ ਤੇ ਜੂਝਣ ਲਈ ਆਇਆ ਸੀ।

ਸਿਰਫ ਉਸ ਦੀਆਂ ਉਂਗਲਾਂ ਦੇ ਪੋਟੇ, ਜਿਨ੍ਹਾਂ ਵਿਚ ਉਸ ਨੇ ਗੁਲਦਸਤਾ ਫੜਿਆ ਹੋਇਆ ਸੀ, ਥਕਾਵਟ ਤੇ ਜੋਸ਼ ਨਾਲ ਥੋੜ੍ਹਾ ਜਿਹੀਆਂ ਕੰਬਦੀਆਂ ਸਨ।

ਕਾਰ ਵਿਚ ਦਸ ਮਿੰਟਾਂ ਪਿੱਛੋਂ ਮੈਂ ਉਸ ਨੂੰ ਪਹਿਲੀ ਵਾਰ ਸੁਣਿਆਂ, "ਸੁਣ, ਭਰਾਵਾ।"

"ਸੁਣ, ਭਰਾਵਾ", ਕੀ ਅਸੀਂ ਮੋਸਕੋਵਾ ਹੋਟਲ ਜਾ ਰਹੇ ਹਾਂ? ਹਾਂ। ਕੀ ਅਸੀਂ ਪੁਰਾਣੇ ਯੂਨੀਅਨ ਸਿਨੇਮਾ ਦੇ ਲਾਗੋਂ ਦੀ ਨਹੀਂ ਜਾਵਾਂਗੇ? ਮੈਂ ਉਸ ਤੇ ਨਜ਼ਰ ਮਾਰਨੀ ਚਾਹੁੰਦਾ ਹਾਂ। ਇਹ ਉਹ ਥਾਂ ਹੈ, ਜਿੱਥੇ ਸਾਡਾ ਹੋਸਟਲ ਹੁੰਦਾ ਸੀ, ਜਦੋਂ ਮੈਂ ਪੂਰਬ ਦੇ ਕਾਮਿਆਂ ਦੀ ਕਮਿਊਨਿਸਟ ਯੂਨੀਵਰਸਿਟੀ ਵਿਚ ਪੜ੍ਹਦਾ ਹੁੰਦਾ ਸੀ"।

ਪਹਿਲੀ "ਸੁਣ, ਭਰਾਵਾ", ਨਿੱਘ-ਭਰੀ ਤੇ ਪ੍ਰਸ਼ਨ ਮਈ ਸੀ। ਦਸ ਮਿੰਟ ਪਿੱਛੋਂ ਦੂਸਰੀ ਬਹੁਤ ਗੁੱਸੇ ਭਰੀ, ਜਿਵੇਂ ਕਿ ਉਹ ਪਹਿਲਾਂ ਹੀ ਆਪਣੇ ਕਮਰਕੱਸੇ ਕੱਸ ਰਿਹਾ ਸੀ।

"ਸੁਣ, ਭਰਾਵਾ", ਕਵਿਤਾ ਇੰਝ ਅਨੁਵਾਦ ਨਹੀਂ ਕਰੀਦੀ, ਜਿਵੇਂ ਤੂੰ ਕਹਿੰਦਾ ਏਂ। ਕਵਿਤਾ ਦਾ ਅਨੁਵਾਦ ਠੀਕ-ਠੀਕ ਕਰਨਾ ਚਾਹੀਦਾ ਹੈ, ਮੈਂ ਇਸ ਦੀ ਰਤੀ ਪ੍ਰਵਾਹ ਨਹੀਂ ਕਰਦਾ ਕਿ, ਜੇ ਇਸ ਵਿਚ ਕਿਸੇ ਹੋਰਸ ਦੀਆਂ ਸੁੰਦਰ ਕਾਵਿ-ਸਤਰਾਂ ਹੋਣ। ਜਿਸ ਗੱਲ ਦਾ ਮਹੱਤਵ ਹੈ, ਉਹ ਇਹ ਹੈ ਕਿ ਇਸ ਵਿਚ ਮੇਰੇ ਅਰਥ ਹੋਣ।"

ਅਸੀਂ ਨਵੇਂ ਮਾਸਕੋ ਤੋਂ ਪਾਰ ਇਕ ਕਾਰ ਵਿਚ ਜਾ ਰਹੇ ਸੀ, ਜਿਸ ਵੱਲ ਕਿ ਉਸ ਨੇ ਬੜੀ ਉਤਸੁਕਤਾ ਨਾਲ ਤੱਕਿਆ। ਉਹ ਔਖਾ ਬੜਾ ਲਗਦਾ ਸੀ। ਉਹ ਤੰਗ ਇਸ ਲਈ ਨਹੀਂ ਸੀ ਕਿ ਰੂਸੀ ਭਾਸ਼ਾ ਵਿਚ ਉਸ ਦੀਆਂ ਰਚਨਾਵਾਂ ਦਾ ਅਨੁਵਾਦ ਚੰਗਾ ਨਹੀਂ ਸੀ ਹੋਇਆ। ਇਸ ਦੇ ਉਲਟ ਰੂਸੀ ਉਚਾਰਨ ਦੇ ਪੱਖੋਂ, ਜਿਸ ਅਨੁਵਾਦ ਨੂੰ ਉਹ ਕੋਸ ਰਿਹਾ ਸੀ, ਬੜੀ ਉੱਚੀ ਪੱਧਰ ਦਾ ਸੀ। ਪਰ ਅਰਥਾ ਦੀ ਵਿਸ਼ੇਸ਼ ਰੰਗਤ, ਉਹ ਅਚਾਨਕ ਮਰੋੜੀ, ਜਿਸ ਖਾਤਰ ਉਸ ਨੇ ਇਹ ਕਵਿਤਾ ਲਿਖੀ ਸੀ, ਸ਼ਾਨਦਾਰ ਵਿਖਾਈ ਦਿੰਦੇ ਅਨੁਵਾਦ ਦੇ ਪ੍ਰਛਾਵੇਂ ਹੇਠਾਂ ਅਲੋਪ ਹੋ ਗਈ ਸੀ ਤੇ ਉਹ ਤੰਗ ਹੋ ਰਿਹਾ ਸੀ।

"ਸੁਣ, ਭਰਾਵਾ", ਇਹ ਚੰਗੀ ਗੱਲ ਹੈ ਜੇ ਤੂੰ ਆਖਦਾ ਹੈਂ ਕਿ ਇਹ ਬੜੀ ਚੰਗੀ ਰੂਸੀ

ਕਵਿਤਾ ਬਣ ਗਈ ਹੈ, ਮੈਂ ਤੇਰੇ ਤੇ ਇਤਬਾਰ ਕਰਦਾਂ । ਮੈਂ ਬਹੁਤ ਖ਼ੁਸ਼ ਹਾਂ ਪਰ ਇਹ ਇੰਝ ਅਨੁਭਵ ਨਹੀਂ ਸੀ ਹੋਣੀ ਚਾਹੀਦੀ। ਇਹ ਭਾਵੇਂ ਵਾਰਤਕ ਵਿਚ ਅੱਖਰੀ ਅਨੁਵਾਦ ਹੀ ਹੋਵੇ, ਘੱਟੋ ਘੱਟ ਜੋ ਮੈਂ ਆਖਣਾ ਚਾਹਿਆ ਏ, ਹਰ ਇਕ ਨੂੰ ਸਮਝ ਤਾਂ ਆ ਜਾਵੇ ।"

ਉਹ ਮਾਸਕੋ ਦੇ ਪਾਰ ਜਾ ਰਿਹਾ ਸੀ, ਜਿਹੜਾ ਹਿੱਸਾ ਕਿ ਉਸ ਨੇ ਕਈ ਸਾਲਾਂ ਤੋਂ ਵੇਖਿਆ ਨਹੀਂ ਸੀ ਤੇ ਉਹ ਇਸ ਨੂੰ ਉਤਸੁਕ ਅੱਖਾਂ ਨਾਲ ਵੇਖ ਰਿਹਾ ਸੀ ਤੇ ਕਵਿਤਾ ਦੇ ਅਨੁਵਾਦ ਦੇ ਸਿਧਾਂਤ ਨੂੰ ਕੋਸ ਰਿਹਾ ਸੀ, ਉਹ ਹੁਣ ਆਪਣੇ ਆਪ ਨੂੰ ਪਰਾਹੁਣਾ ਨਹੀਂ ਸਮਝਦਾ ਸੀ। ਉਹ ਤਾਂ ਪਹਿਲਾਂ ਤੋਂ ਹੀ ਏਥੇ ਮਾਸਕੋ ਵਿਚ ਰਹਿ ਰਿਹਾ ਸੀ, ਜੀਊਂਦਾ, ਕੰਮ ਕਰਦਾ, ਦਲੀਲਾਂ ਦਿੰਦਾ, ਘਰ ਵਾਂਗ ਮਹਿਸੂਸ ਕਰਦਾ ਤੇ ਹੈ ਵੀ ਉਹ ਆਪਣੇ ਘਰ ਵਿਚ ਹੀ ਸੀ ।

ਇਸ ਤੋਂ ਬਾਰਾਂ ਸਾਲ ਬਾਅਦ ਇਕ ਸਵੇਰ ਨੂੰ ਉਹ ਬਿਸਤਰੇ 'ਚੋਂ ਉੱਠਿਆ, ਬਾਹਰ ਨਿਕਲਿਆ, ਖਾਣੇ ਵਾਲੇ ਕਮਰੇ ਨੂੰ ਪਾਰ ਕੀਤਾ, ਰਾਹ ਲੰਘਿਆ, ਤੇ ਸਵੇਰ ਦੇ ਅਖ਼ਬਾਰ ਲਈ ਡਾਕ-ਡੱਬੇ ਵਿਚ ਹੱਥ ਮਾਰਨ ਲਈ ਅਹੁੜਿਆ ਤੇ ਮਰ ਗਿਆ! ਉਹ ਡਿੱਗਣ ਤੋਂ ਪਹਿਲਾਂ ਹੀ ਮਰ ਗਿਆ ਸੀ, ਡਾਕਟਰਾਂ ਨੇ ਪਿੱਛੋਂ ਇੰਝ ਹੀ ਦੱਸਿਆ ।

ਇਕ ਅਸਚਰਜ ਆਦਮੀ ਮਰ ਗਿਆ ਸੀ, ਸਿਰਫ ਉਸ ਦੀਆਂ ਕਵਿਤਾਵਾਂ ਹੀ ਰਹਿ ਗਈਆਂ ਨੇ ਤੇ ਉਹ ਵੀ ਅਸਚਰਜ ਹਨ। ਇਹ ਕਵਿਤਾਵਾਂ ਜੇਲ੍ਹ ਦੇ ਅੰਦਰ ਤੇ ਜੇਲ੍ਹ ਦੇ ਬਾਹਰ ਲਿਖੀਆਂ ਗਈਆਂ ਸਨ । ਇਹ ਹੈਰਾਨੀਦਾਇਕ ਲੰਮੀਆਂ ਕਵਿਤਾਵਾਂ ਸਨ, ਜਿਨ੍ਹਾਂ ਚੋਂ ਕਈ ਅਜੇ ਤੱਕ ਵੀ ਨਹੀਂ ਲੱਭੀਆਂ। ਕਵਿਤਾਵਾਂ, ਜਿਨ੍ਹਾਂ ਦੀਆਂ ਹਜ਼ਾਰਾਂ ਹੀ ਸਤਰਾਂ ਹਨ, ਤੇ ਅਸਚਰਜ ਕਰਨ ਵਾਲੀਆਂ ਛੋਟੀਆਂ ਕਵਿਤਾਵਾਂ, ਜਿਵੇਂ ਉਸ ਦੀ ਸਮੁੱਚੀ ਛਾਤੀ ਛੋਟਾ ਡੂੰਘਾ ਹਉਕਾ ਭਰ ਰਹੀ ਹੋਵੇ ।

"ਤਰਾਂਤਾ-ਬਾਬੂ ਨੂੰ ਚਿੱਠੀਆਂ" ਉਸ ਦੀ ਇਕ ਅਸਚਰਜ ਪਿਆਰ-ਕਵਿਤਾ ਹੈ, ਜਿਸ ਵਿਚੋਂ ਦੁਰਾਡੀ ਅੱਗ ਦੀ ਲੋਅ ਵਾਂਗ, ਐਬੇਸੀਨੀਆ ਵਿਚਲੀ ਪਹਿਲੀ ਫਾਸਿਸਟ ਜੰਗ ਦੇ ਲਹੂ-ਧੱਬੇ ਵੇਖੇ ਜਾ ਸਕਦੇ ਹਨ । ਇਕ ਹੋਰ ਹੈਰਾਨ ਕਰਨ ਵਾਲੀ ਕਵਿਤਾ "ਜ਼ੋਇਆ" ਹੈ ਜਿਹੜੀ ਉਸ ਨੇ ਤੁਰਕੀ ਦੀ ਜੇਲ੍ਹ ਵਿਚ ਇਕ ਰੂਸੀ ਮੁਟਿਆਰ ਬਾਰੇ ਲਿਖੀ ਸੀ, ਜਿਸ ਨੂੰ ਕਿ ਜਰਮਨ ਫਾਸ਼ੀਆਂ ਨੇ ਮਾਸਕੋ ਦੇ ਲਾਗੇ ਬਰਫਾਂ ਵਿਚ ਫਾਹੇ ਲਾ ਦਿੱਤਾ ਸੀ। ਉਹ ਆਪਣੇ ਪਿੱਛੇ ਆਪਣੀਆਂ ਕਵਿਤਾਵਾਂ 'ਚੋਂ ਸਭ ਤੋਂ ਅਸਚਰਜਤਾ-ਭਰਪੂਰ ਕਵਿਤਾ, ਆਪਣੀ ਸਵੈ-ਜੀਵਨੀ ਛੱਡ-ਗਿਆ ਹੈ, ਜਿਹੜੀ ਕਿ ਉਸ ਨੇ ਮੌਤ ਤੋਂ ਥੋੜਾ ਪਹਿਲਾਂ ਹੀ ਲਿਖੀ ਸੀ ਤੇ ਜਿਹੜੀ ਜਿੰਨਾ ਸੰਭਵ ਹੋਵੇ, ਹੋਰ ਵਧੇਰਾ ਚਿਰ ਜੀਉਣ ਦੀ ਪ੍ਰਬਲ ਇੱਛਾ ਨਾਲ ਭਰਪੂਰ ਹੈ । ਉਹ ਆਪਣੇ ਪਿੱਛੇ ਆਪਣੀ ਕਵਿਤਾ ਦਾ ਸਾਰਾ ਸੰਸਾਰ ਛੱਡ ਗਿਆ ਹੈ, ਜਿਹੜੀ ਕਿ ਅਜੇ ਵੀ ਬਾਰ ਬਾਰ ਤਰਜਮਾ ਕੀਤੀ ਜਾ ਰਹੀ ਹੈ ਤੇ ਸੰਸਾਰ ਦੀਆਂ ਸਭ ਭਾਸ਼ਾਵਾਂ ਵਿਚ ਬਾਰ-ਬਾਰ ਤਰਜਮਾ ਹੁੰਦੀ ਰਹੇਗੀ । ਉਸ ਦੀ ਕਵਿਤਾ ਵਿਚੋਂ ਦੀ ਹਰ ਉਹ ਚੀਜ਼ ਗੁਜ਼ਰਦੀ ਹੈ, ਜਿਹੜੀ ਕਿ ਨਾਜ਼ਿਮ ਦੇ ਜੀਵਨ ਵਿਚੋਂ ਦੀ ਲੰਘੀ ਸੀ। ਜਿਨ੍ਹਾਂ ਔਰਤਾਂ ਨੂੰ ਉਸ ਨੂੰ ਪਿਆਰ ਕੀਤਾ, ਜਿਨ੍ਹਾਂ ਡਾਕਟਰਾਂ ਨੇ ਉਸ ਦਾ ਇਲਾਜ ਕੀਤਾ, ਜੇਲਰ ਜਿਨ੍ਹਾਂ ਨੇ ਉਸ ਤੇ ਅੱਖ ਰੱਖੀ, ਮਿੱਤਰ ਜਿਨ੍ਹਾਂ ਤੇ ਉਹ ਨਿਰਸੰਦੇਹ ਭਰੋਸਾ ਕਰਦਾ ਸੀ, ਮਿੱਤਰ ਜਿਹੜੇ ਇਤਿਹਾਸ ਦੇ ਕਿਸੇ ਮੋੜ ਤੇ ਹੁਣ ਉਸ ਦੇ ਮਿੱਤਰ ਨਹੀਂ ਰਹੇ ਸੀ, ਦੁਸ਼ਮਣ, ਜਿਨ੍ਹਾਂ ਨੂੰ ਉਹ ਨਫਰਤ ਕਰਦਾ ਸੀ ਅਤੇ ਉਹ ਨੀਚਤਾ ਭਰੀਆਂ ਤੁੱਛ ਗੱਲਾਂ, ਜਿਨ੍ਹਾਂ ਤੇ ਉਹ ਹੱਸਦਾ ਸੀ, ਸੂਰਮੇ, ਜਿਨ੍ਹਾਂ ਦੀ ਉਹ



ਪੂਜਾ ਕਰਦਾ ਸੀ, ਤੇ ਜੇਲ੍ਹ ਦੇ ਉਹ ਸਾਥੀ, ਜਿਨ੍ਹਾਂ ਨਾਲ ਉਹ ਤਮਾਕੂ ਤੇ ਭੋਜਨ ਵੰਡ ਕੇ ਖਾਂਦਾ ਸੀ।

ਵੀਹਵੀਂ ਸਦੀ, ਉਸ ਦੀਆਂ ਕਵਿਤਾਵਾਂ ਵਿਚੋਂ ਚਾਰ ਤੂਫਾਨੀ ਦਹਾਕੇ ਬਣਾ ਕੇ ਲੰਘੀ। ਇਹ ਕਦੇ ਸਿਰ ਪਰਨੇ ਹੋ ਕੇ ਲੰਘੀ ਤੇ ਕਦੇ ਟੇਢ੍ਹੀ ਹੋ ਕੇ। ਇਹ ਆਪਣੇ ਮਾਰਗ ਤੇ ਤੁਰਦੇ ਮਨੁੱਖ ਦੀ ਪਰੀਖਿਆ ਲੈ ਰਹੀ ਸੀ, ਜਿਵੇਂ ਕਿ ਉਹ ਕੋਈ ਧਾਤ ਹੁੰਦੀ ਹੈ, ਆਪਣੀ ਲਚਕ, ਟੁੱਟਣ ਦੀ ਸੀਮਾ ਤੱਕ ਤੇ ਸੰਗਠਨ ਤੀਕ। ਯੁੱਗ ਆਦਮੀ ਵਿਚ ਦੀ ਗੁਜ਼ਰਿਆ ਤੇ ਆਦਮੀ ਯੁੱਗ ਵਿਚ ਦੀ। ਪਰ ਉਹ ਤਕੜਾ ਹੱਸ-ਮੁੱਖ, ਕਿਰਪਾਲੂ, ਮਨੁੱਖੀ, ਖੁੱਲ੍ਹਾ, ਨੇਕ ਤੇ ਨੀਚਤਾ ਨੂੰ ਬਰਦਾਸ਼ਤ ਨਾ ਕਰਨ ਵਾਲਾ ਰਿਹਾ।

ਉਸ ਦੀ ਕਵਿਤਾ ਵਿਚ ਹਰ ਚੀਜ਼ ਉਣੀ ਹੋਈ ਤੇ ਇਕ-ਮਿੱਕ ਹੋਈ ਪਈ ਹੈ, ਜਿਵੇਂ ਕਿ ਉਸ ਦੇ ਜੀਵਨ ਵਿਚ ਹੈ। ਅਤੇ ਜਦੋਂ ਤੁਸੀਂ ਉਸ ਦੀ ਹਰ ਇਕ ਕਵਿਤਾ ਤੇ ਰੁਕਦੇ ਹੋ ਤੇ ਇਸ ਬਾਰੇ ਸੋਚਦੇ ਹੋ, ਇਹ ਦੱਸਣਾ ਮੁਸ਼ਕਿਲ ਹੈ ਕਿ ਇਹ ਕਿਸ ਬਾਰੇ ਹੈ। ਪਿਆਰ ? ਹਾਂ। ਇਨਕਲਾਬ ਦੇ ਬਾਰੇ ? ਹਾਂ। ਬੁੱਢੇ ਹੋ ਰਹੇ ਮਨੁੱਖ ਬਾਰੇ ਤੇ ਕੀ ਇਹ ਖ਼ੁਸ਼ੀ ਭਰੀ ਗੱਲ ਨਹੀਂ ? ਹਾਂ, ਇਸ ਬਾਰੇ ਵੀ ਹੈ। ਹਰ ਚੀਜ਼ ਇਕ ਦੂਜੀ ਵਿਚ ਇਕ-ਮਿੱਕ ਤੇ ਘੁਲੀ-ਮਿਲੀ ਹੋਈ। ਅਸਚਰਜ ਤਰ੍ਹਾਂ ਆਪ ਮੁਹਾਰੀ, ਜਿਹਨੂੰ ਕਿ ਮਨੁੱਖ ਦੀ ਅੰਦਰਲੀ ਜ਼ਿੰਦਗੀ ਕਹੀਦਾ ਹੈ। ਦਲੇਰੀ ਨਾਲ, ਸਪੱਸ਼ਟ ਤੌਰ ਤੇ ਕਾਗਜ਼, ਛਪੇ ਹੋਏ ਕਾਗਜ਼ ਨਾਲ ਵਚਨਬੱਧ। ਤੇ ਬ੍ਰਹਿਮੰਡ ਦੀ ਪੜਤਾਲ ਲਈ ਪੇਸ਼।

ਕਈ ਵਾਰੀ ਅਸੀਂ "ਚੇਤਨਤਾ ਦੀ ਲਹਿਰ" ਸ਼ਬਦਾਂ ਨੂੰ ਬੁਰੇ ਅਰਥਾਂ ਵਿਚ ਵਰਤਦੇ ਹਾਂ, ਖਾਸ ਕਰਕੇ ਜਦੋਂ ਅਸੀਂ ਇਸ ਸੰਕਲਪ ਦੀ ਨਕਲ ਦੀ ਗੱਲ ਕਰਦੇ ਹਾਂ, ਜਦੋਂ ਕਿ ਚੇਤਨਤਾ ਦੀ ਘਾਟ ਹੀ ਦਮਕਦੀ ਹੈ, ਤੇ ਫਿਰ ਪ੍ਰਗਟ ਰੂਪ ਵਿਚ ਹਰਕਤ ਕਰਦੇ, ਪਰ ਅਸਲ ਵਿਚ ਖਲੋਤੇ ਪਾਣੀ ਲਈ ਵਰਤਦੇ ਹਾਂ।

ਪਰ ਜਦੋਂ ਮਨੁੱਖ ਦੀ ਚੇਤਨਤਾ ਜੋ ਕੁਝ ਵੀ ਜੀਊਂਦਾ-ਜਾਗਦਾ, ਵਾਦ-ਵਿਵਾਦੀ, ਦੁਖਾਂਤਕ ਤੇ ਸੂਰਮਤਾਈ-ਭਰਪੂਰ ਹੈ, ਨੂੰ ਗ੍ਰਹਿਣ ਕਰ ਲੈਂਦੀ ਹੈ, ਤੇ ਜਿਸ ਵਿਚ ਸਾਡਾ ਸ਼ਾਨਦਾਰ ਪਰ ਕਠਨ ਯੁੱਗ ਅਤਿ ਦੀ ਹੱਦ ਤੱਕ ਭਰਪੂਰ ਹੈ, ਤੇ ਜਦੋਂ ਚੇਤੰਨਤਾ ਸੱਚੀਂ ਇਕ ਨਦੀ ਵਾਂਗ ਹੈ, ਜਿਹੜੀ ਸਾਡੇ ਯੁੱਗ ਦੇ ਖੁਰਦਰੇ ਪੱਥਰਾਂ ਨਾਲ ਖਹਿੰਦੀ ਹੈ, ਫਿਰ ਇਹ ਚੇਤਨਤਾ ਦੀ ਲਹਿਰ ਕੁਦਰਤੀ ਤੌਰ ਤੇ ਇਕ ਵਸੀਅਤ, ਇਕ ਪਵਿੱਤਰ ਉਪਦੇਸ਼ ਬਣ ਜਾਂਦੀ ਹੈ, ਜਿਹੜਾ ਕਿ ਇਕ ਦੂਸਰੇ ਨਾਲੋਂ ਅਣ-ਵੰਡਿਆ ਤੇ ਅਨਿੱਖੜ ਹੁੰਦਾ ਹੈ।

ਮੈਂ ਹਿਕਮਤ ਦੀ ਕਵਿਤਾ ਨੂੰ ਇੰਝ ਸਮਝਦਾ ਹਾਂ, ਇਸ ਵਿਚ ਉਹ ਕੁਝ ਹੈ, ਜਿਸ ਵਿਚ ਆਦਮੀ ਜੀਊਂਦਾ ਤੇ ਸਾਹ ਲੈਂਦਾ ਹੈ। ਇਹ ਤੁਪਕਿਆਂ ਦੀ ਬਣਦੀ ਹੈ, ਪਰ ਇਹ ਨਦੀ ਹੈ। ਤੇ ਉਹ ਨਦੀ, ਆਪਣੀਆਂ ਘੁੰਮਣ-ਘੇਰੀਆਂ ਤੇ ਪਾਣੀ ਹੇਠਲੇ ਸਾਰੇ ਪੱਥਰਾਂ ਸਮੇਤ ਇਹ ਗੱਲ ਜਾਣਦੀ ਹੈ ਕਿ ਉਹ ਕਿੱਥੇ ਜਾ ਰਹੀ ਹੈ। ਕਵਿਤਾ ਵਿਚ ਹਿਕਮਤ ਦੀ ਵਸੀਅਤ ਤੇ ਉਪਦੇਸ਼ ਹੈ, ਉਸ ਆਦਮੀ ਦੀ ਵਸੀਅਤ ਤੇ ਉਪਦੇਸ਼ ਹੈ, ਜਿਹੜਾ ਜੀਊਂਦਾ-ਜਾਗਦਾ ਗੁੰਝਲਦਾਰ, ਡੋਲਦਾ, ਗਲਤੀ ਕਰਦਾ, ਪਿਆਰ ਤੇ ਘਿਰਣਾ ਕਰਦਾ, ਪਰ ਜਿਹੜਾ ਫੇਰ ਵੀ ਜਾਣਦਾ ਹੈ ਕਿ ਉਹ ਕਿਧਰ ਜਾ ਰਿਹਾ ਹੈ ਤੇ ਕਿਉਂ !

ਜਿਸ ਆਦਮੀ ਨੇ ਇਹ ਸਾਰੀਆਂ ਕਵਿਤਾਵਾਂ ਲਿਖੀਆਂ, ਉਸ ਦੀਆਂ ਅੱਖਾਂ ਹਲਕੀਆਂ ਨੀਲੀਆਂ ਸਨ, ਉਸ ਦੇ ਵਾਲ ਲਾਲ ਸਨ ਤੇ ਕਦਮ ਹੌਲੇ-ਫੁੱਲ। ਆਪਣੀ ਮੌਤ ਤੋਂ ਪਹਿਲੇ ਦਿਨ ਉਹ ਬੜੇ ਭਾਵਕ ਢੰਗ ਨਾਲ ਦਲੀਲਾਂ ਦੇ ਰਿਹਾ ਸੀ ਕਿ ਅਗਲੇ ਬਾਰਾਂ ਸਾਲਾਂ ਵਿਚ ਜੀਵਨ ਕਿਹੋ ਜਿਹਾ ਹੋਵੇਗਾ। ਤੇ ਉਹ ਸਵੇਰ ਦੀ ਅਖ਼ਬਾਰ ਲੈਣ ਤੁਰ ਗਿਆ। (1966)

## ਇੰਝ ਵੀ ਜੀਊਣਾ ਪੈਂਦਾ/ਪਾਬਲੋ ਨੇਰੂਦਾ

ਮਾਸਕੋ ਵਿਚ ਜਾਂ ਬਾਹਰ ਮੈਦਾਨੀ ਇਲਾਕੇ ਵਿਚ, ਮੈਂ ਆਮ ਕਰਕੇ ਇਕ ਹੋਰ ਮਹਾਨ ਤੁਰਕੀ ਕਵੀ ਨੂੰ ਮਿਲਣ ਜਾਂਦਾ ਸੀ, ਇਹ ਉਹ ਸੂਰਮਾ ਕਵੀ ਸੀ ਜਿਸ ਨੂੰ ਉਸ ਦੀ ਮਾਤਰ-ਭੂਮੀ ਵਿਚ ਬਦੇਸ਼ੀ ਸਰਕਾਰਾਂ ਨੇ, ਅਠਾਰਾਂ ਸਾਲ ਜੇਲ੍ਹ ਵਿਚ ਡੱਕੀ ਰਖਿਆ ਸੀ ।

ਤੁਰਕੀ ਦੇ ਸਮੁੰਦਰੀ ਬੇੜੇ ਨੂੰ ਭੜਕਾਉਣ ਦੇ ਦੋਸ਼ ਹੇਠ, ਨਾਜ਼ਿਮ ਨੂੰ ਸਾਰੀਆਂ ਨਰਕੀ ਸਜ਼ਾਵਾਂ ਤੇ ਕਸ਼ਟ ਦਿੱਤੇ ਗਏ । ਉਸ ਦਾ ਮੁਕੱਦਮਾ ਸਮੁੰਦਰ ਵਿਚ, ਇਕ ਜੰਗੀ ਜਹਾਜ਼ ਵਿਚ ਚੱਲਿਆ । ਉਸ ਨੇ ਮੈਨੂੰ ਦੱਸਿਆ ਕਿ ਕਿਵੇਂ ਉਸਨੂੰ ਡੈੱਕ ਉੱਤੇ ਉਦੋਂ ਤਕ ਤੁਰਨ ਲਈ ਮਜਬੂਰ ਕੀਤਾ ਜਾਂਦਾ ਸੀ ਜਦੋਂ ਤੱਕ ਉਹ ਥੱਕ ਕੇ ਚੂਰ ਨਹੀਂ ਸੀ ਹੋ ਜਾਂਦਾ । ਫੇਰ ਉਸ ਨੂੰ ਹੇਠਲੇ ਤਹਿਖਾਨੇ ਵਿਚ ਡੱਕ ਦਿੱਤਾ ਜਾਂਦਾ, ਜਿਥੇ ਦੀ ਗੰਦਗੀ ਇਕ ਮੀਟਰ ਡੂੰਘੀ ਹੁੰਦੀ । ਮੁਸ਼ਕ ਨਾਲ ਉਹਦਾ ਸਿਰ ਚਕਰਾਉਣ ਲਗਦਾ । ਇਹ ਉਹ ਸਮਾਂ ਸੀ, ਜਦੋਂ ਉਹ ਆਪਣੇ ਆਪ ਨੂੰ ਆਖਦਾ, 'ਕਾਤਲ ਮੇਰੇ ਤੇ ਅੱਖ ਰੱਖ ਰਹੇ ਨੇ, ਉਹ ਮੈਨੂੰ ਡਿੱਗਦਾ ਵੇਖਣਾ ਚਾਹੁੰਦੇ ਨੇ, ਉਹ ਮੇਰੀਆਂ ਤਕਲੀਫ਼ਾਂ ਵੇਖਣਾ ਚਾਹੁੰਦੇ ਨੇ ।'

ਪਰ ਫ਼ਖ਼ਰ ਉਸ ਨੂੰ ਸ਼ਕਤੀ ਦਿੰਦਾ । ਉਹ ਗਾਉਣਾ ਸ਼ੁਰੂ ਕਰ ਦਿੰਦਾ, ਪਹਿਲਾਂ ਹੌਲੀ ਹੌਲੀ ਫਿਰ ਉੱਚੀ ਉੱਚੀ, ਤੇ ਅਖੀਰ ਆਪਣੀ ਆਵਾਜ਼ ਦੇ ਸਿਖਰ ਤੇ । ਉਹ ਸਾਰੇ ਦੇ ਸਾਰੇ ਗੀਤ ਗਾ ਚੁੱਕਦਾ, ਸਾਰੇ ਪਿਆਰ ਦੇ ਗੀਤ, ਜਿਹੜੇ ਉਸ ਨੂੰ ਯਾਦ ਸੀ, ਆਪਣੀਆਂ ਕਵਿਤਾਵਾ, ਕਿਸਾਨਾਂ ਦੇ ਪਿਆਰ-ਕਿੱਸੇ, ਆਪਣੇ ਲੋਕਾਂ ਦੇ ਯੁੱਧ ਦੇ ਗੀਤ । ਜੋ ਕੁਝ ਉਸ ਨੂੰ ਯਾਦ ਹੁੰਦਾ, ਉਹ ਗਾਉਂਦਾ । ਇੰਝ ਉਸ ਨੇ ਗੰਦਗੀ ਤੇ ਸ਼ਹੀਦੋ ਉੱਤੇ ਜਿੱਤ ਪ੍ਰਾਪਤ ਕੀਤੀ । ਜਦੋਂ ਉਸ ਨੇ ਮੈਨੂੰ ਇਹ ਸਭ ਕੁਝ ਦੱਸਿਆ, ਮੈਂ ਉਸ ਨੂੰ ਆਖਿਆ, 'ਭਰਾਵਾ, ਤੂੰ ਸਾਡੇ ਸਾਰਿਆਂ ਲਈ ਗਾਉਂਦਾ ਸੀ । ਹੁਣ ਕੋਈ ਸ਼ੱਕ ਨਹੀਂ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ । ਅਸੀਂ ਜਾਣਦੇ ਹਾਂ ਕਿ ਅਸਾਂ ਕਦੋਂ ਗਾਉਣਾ ਸ਼ੁਰੂ ਕਰਨਾ ਹੈ ।'

ਉਸ ਨੇ ਮੈਨੂੰ ਆਪਣੇ ਲੋਕਾਂ ਦੇ ਦੁੱਖਾਂ ਬਾਰੇ ਦੱਸਿਆ, ਉਹਨਾਂ ਕਿਸਾਨਾਂ ਬਾਰੇ ਜਿਹਨਾਂ ਨੂੰ ਤੁਰਕੀ ਦੇ ਭੂਮੀ-ਪਤੀਆਂ ਨੇ ਨਿਰਦਈ ਤਸੀਹੇ ਦਿੱਤੇ ਸਨ । ਨਾਜ਼ਿਮ ਉਹਨਾਂ ਕਿਸਾਨਾਂ ਨੂੰ ਜੇਲ੍ਹ ਵਿਚ ਆਉਂਦੇ ਵੇਖਦਾ, ਤਮਾਕੂ ਬਦਲੇ ਆਪਣੇ ਰਾਸ਼ਨ ਦੇ ਇਕ ਇਕ ਰੋਟੀ ਦੇ ਟੁੱਕੜੇ ਨੂੰ ਵਟਾਉਂਦੇ ਹੋਏ । ਫਿਰ ਉਹ ਵਿਹੜੇ ਵਿਚਲੇ ਘਾਹ ਵਲ ਵੇਖਣ ਲੱਗ ਪੈਂਦਾ । ਪਹਿਲਾਂ ਧੁੰਦਲੇ ਜਹੇ, ਫਿਰ ਜਰਾ ਗਹੁ ਨਾਲ, ਫਿਰ ਲਲਚਾਈਆਂ ਨਜ਼ਰਾਂ ਨਾਲ । ਇਕ ਸੁਹਣੇ ਦਿਨ, ਉਹ ਘਾਹ ਦੀਆਂ ਤਿੜਾਂ ਆਪਣੇ ਮੂੰਹਾਂ ਵਿਚ ਸੁੱਟਦੇ । ਫਿਰ ਪਿਛੋਂ, ਉਹ ਰੁੱਗਾਂ ਨੂੰ ਵੱਖ ਵੱਖ ਕਰ ਲੈਂਦੇ ਤੇ ਕਾਹਲੀ ਕਾਹਲੀ ਖਾਣ ਲੱਗ ਪੈਂਦੇ । ਉਹ ਘੋੜਿਆਂ ਵਾਂਗ. ਚਹੁੰ ਹੱਥਾਂ ਪੈਰਾਂ ਤੇ ਖਲੋ, ਅਖੀਰ ਤੇ ਸਾਰਾ ਘਾਹ ਹੜੱਪ ਕਰ ਜਾਂਦੇ ।

ਨਾਜ਼ਿਮ ਨੇ, ਜਿਹੜਾ ਸ਼ਿੱਦਤ ਨਾਲ, ਹਰ ਭਾਂਤ ਦੇ ਕੱਟੜਪੁਣੇ ਦਾ ਵਿਰੋਧੀ ਸੀ, ਸੋਵੀਅਤ ਰੂਸ ਵਿਚ ਸਾਲਾਂ-ਬੱਧੀ ਜਲਾਵਤਨੀ ਦੇ ਸਾਲ ਕੱਟੇ । ਜਿਹੜੀ ਧਰਤੀ ਨੇ ਉਸ ਨੂੰ ਸ਼ਰਨ ਦਿੱਤੀ, ਉਸ ਪ੍ਰਤੀ ਆਪਣੇ ਪਿਆਰ ਨੂੰ ਪ੍ਰਗਟ ਕਰਦਾ ਹੋਇਆ ਉਹ ਆਪਣੇ ਸ਼ਬਦਾਂ ਵਿਚ ਕਹਿੰਦਾ ਹੈ, 'ਮੈਂ ਕਵਿਤਾ ਦੇ ਭਵਿੱਖ ਬਾਰੇ ਸੋਚਦਾ ਹਾਂ । ਮੈਂ ਇਸ ਬਾਰੇ ਇਸ ਕਾਰਨ ਸੋਚਦਾ ਹਾਂ, ਕਿਉਂ ਕਿ ਮੈਂ ਉਸ ਦੇਸ਼ ਵਿਚ ਰਹਿੰਦਾ ਹਾ, ਜਿਥੇ ਕਵਿਤਾ ਰੂਹ ਦੀ ਪਹਿਲੀ ਲੋੜ ਹੈ ।' ਇਹ ਸ਼ਬਦ ਉਹਨਾਂ ਭੇਤਾਂ ਨੂੰ ਪ੍ਰਗਟ ਕਰਦੇ ਨੇ, ਜਿਹੜੇ ਦੂਰੋਂ ਨਹੀਂ ਸੀ ਜਾਣੇ ਜਾ ਸਕਦੇ । (ਨੇਰੂਦਾ ਦੀ ਸਵੈ-ਜੀਵਨੀ 'ਚੋਂ)





## ਔਹ ! ਨਾਜ਼ਿਮ ਆਉਂਦੈ/ਪਾਬਲੋ ਨੇਰੂਦਾ

**1.**

ਨਾਜ਼ਿਮ
ਹੁਣੇ ਹੀ ਜੇਲ੍ਹ ਤੋਂ ਰਿਹਾ ਹੋ ਕੇ ਆਇਆ
ਤੇ ਉਸ ਮੈਨੂੰ ਉਹ ਕਮੀਜ਼ ਦਿੱਤੀ
ਜਿਸ ਤੇ ਉਸ ਦੀਆਂ ਕਵਿਤਾਵਾਂ ਵਾਂਗ
ਸੁਰਖ ਰੰਗਾਂ ਦੀਆਂ ਬੂਟੀਆਂ ਕੱਢੀਆਂ ਹੋਈਆਂ ਸਨ

ਉਸ ਦੀਆਂ ਕਵਿਤਾਵਾਂ
ਤੁਰਕੀ ਲਹੂ ਦੇ ਧਾਗੇ
ਸੱਚੀਆਂ ਪਰੀ-ਕਹਾਣੀਆਂ
ਤੇ ਜ਼ਾਇਕਾ ਪੁਰਾਣੀ ਦੁਨੀਆਂ ਦਾ
ਤਲਵਾਰਾਂ ਤੇ ਖ਼ਮਦਾਰ ਖੰਜਰਾਂ ਵਰਗੀਆਂ
ਕਦੇ ਮੁੜੀਆਂ, ਕਦੇ ਸਿੱਧੀਆਂ
ਉਸ ਦੀਆਂ ਗੁਪਤ ਕਵਿਤਾਵਾਂ
ਦੁਪਹਿਰ ਦੀ ਧੁੱਪ ਲਈ ਤਰਸਦੀਆਂ
ਗ਼ੁਫਾਵਾਂ 'ਚ ਪਏ ਹਥਿਆਰਾਂ ਦੇ ਭੰਡਾਰੇ ਵਾਂਗ ।
ਚਮਕਦੀਆਂ
ਅਥਾਹ ਹਨੇਰੇ ਦੇ, ਡੂੰਘੇ ਖੂਹ ਵਿਚ
ਉਸ ਦੇ ਲੋਕਾਂ ਦੀਆਂ ਅੱਖਾਂ ਵਿਚ
ਚਮਕਦੀਆਂ

ਉਹ ਜੇਲ੍ਹ ਤੋਂ ਆਇਆ
ਮੇਰਾ ਭਰਾ ਬਣਨ ਲਈ
ਇਕੱਠਿਆਂ ਅਸੀਂ ਸਟੈਪੀ ਦੀਆਂ ਬਰਫ਼ਾਂ ਪਾਰ ਕੀਤੀਆਂ
ਤੇ ਰਾਤ ਸਾਡੀਆਂ ਲਾਲਟੈਨਾਂ ਨਾਲ
ਜਗਮਗਾ ਉੱਠੀ ।

ਇਹ ਹੈ ਉਸ ਦਾ ਰੇਖਾ ਚਿੱਤਰ,
ਲੰਮਾ,
ਪੇਂਡੂ ਆਲੇ-ਦੁਆਲੇ ਦੀ ਖ਼ਾਮੋਸ਼ੀ ਚੋਂ

ਉੱਭਰੇ ਮੀਨਾਰ ਵਰਗੇ
ਸ਼ਿਰੇ ਤੇ ਦੋ ਖਿੜਕੀਆਂ
ਸਦਾ ਹੀ ਰੌਸ਼ਨੀ ਨਾਲ ਜਗਮਗਾਉਂਦੀਆਂ
ਉਸ ਦੀਆਂ ਅੱਖਾਂ ।

ਇਕੱਠੇ ਆਵਾਰਾਗਰਦੀ ਕਰਦਿਆਂ
ਅਸਾਂ ਵੀਰਾਨ ਧਰਤੀ ਗਾਹੀ
ਕਵੀਆਂ ਤੇ ਯੋਧਿਆਂ ਦੀ ਜਿੱਤੀ ਧਰਤੀ
ਮਾਸਕੋ ਦੀਆਂ ਗਲੀਆਂ
ਕੰਧਾਂ ਉੱਤੇ ਚਮਕਦਾ ਪੂਰਾ ਚੰਦ
ਪਿਆਰਨ ਨੂੰ ਲੜਕੀਆਂ
ਖ਼ੁਸ਼ੀ ਸਾਡਾ ਅਦੁੱਤੀ ਮਾਰਗ
ਸਾਂਝੀ ਉਮੀਦ,
ਤੇ ਸਭ ਤੋਂ ਅਖੀਰ,
ਲੋਕਾਂ ਦੇ ਸੰਘਰਸ਼
ਜਿਨ੍ਹਾਂ ਵਿਚ ਉਹਦੀਆਂ ਤੇ ਮੇਰੀਆਂ ਕਵਿਤਾਵਾਂ
ਦੋ ਤੁਪਕੇ ਵਾਂਗ ਹਨ
ਮਨੁੱਖੀ ਸਮੁੰਦਰ ਵਿਚ ਦੋ ਤੁਪਕੇ ।

ਪਰ ਨਾਜ਼ਿਮ ਦੀ ਖ਼ੁਸ਼ੀ ਪਿੱਛੇ
ਉਹ ਕੰਮ ਹਨ,
ਲੱਕੜੀ ਦੇ ਸ਼ਤੀਰਾਂ ਵਾਂਗ
ਇਮਾਰਤਾਂ ਦੀਆਂ ਨੀਹਾਂ ਵਰਗੇ
ਚੁੱਪ ਤੇ ਸੂਰਮਗਤੀ ਦੇ ਸਾਲ
ਸਾਲ, ਜਿਹੜੇ ਉਸ ਦੀ ਬਹਾਦਰੀ ਭਰੀ
ਜਵਾਨੀ ਨੂੰ
ਨਾ ਦੰਦ ਮਾਰ ਸਕੇ ਤੇ ਨਾ ਹੜੱਪ ਸਕੇ ।

ਉਸ ਮੈਨੂੰ ਦੱਸਿਆ ਕਿ ਕਿਵੇਂ
ਲਗਾਤਾਰ ਦਸ ਸਾਲ
ਉਹ ਉਸ ਦੀ ਕੋਠੜੀ ਦੀ ਬੱਤੀ ਜਗਾਕੇ
ਰੱਖਦੇ ਰਹੇ,
ਤੇ ਹੁਣ ਵੀ,



ਆਪਣੀ ਰਿਹਾਈ ਦੀ ਹਰ ਰਾਤ
ਉਹ ਬੱਤੀ ਜਗਦੀ ਰਹਿਣ ਦਿੰਦਾ ਹੈ
ਉਸ ਦੀਆਂ ਖ਼ੁਸ਼ੀ ਦੀਆਂ ਜੜ੍ਹਾਂ ਕਾਲੀਆਂ ਨੇ
ਜਿਹੜੀਆ ਉਸ ਦੀ ਮਾਤ-ਭੂਮੀ ਵਿਚ
ਡੂੰਘੀਆਂ ਗਈਆਂ ਹੋਈਆਂ ਨੇ,
ਦਲਦਲ ਦੇ ਫੁੱਲ ਵਾਂਗ

ਇਹੀ ਕਾਰਨ ਹੈ, ਜਦੋਂ ਉਹ ਹੱਸਦਾ ਹੈ
ਜਦੋਂ ਨਾਜ਼ਿਮ ਹੱਸਦਾ ਹੈ
ਇਹੀ ਹਾਸਾ ਇੰਝ ਨਹੀਂ, ਜਿਵੇਂ ਤੁਸੀਂ ਤੇ ਮੈਂ ਹੱਸਦੇ ਹਾਂ
ਉਸ ਦਾ ਹਾਸਾ ਵਧੇਰੇ ਚਿੱਟਾ ਹੈ
ਚੰਦਰਮਾਂ ਦੇ
ਤਾਰਿਆਂ ਦੇ
ਅੰਗੂਰਾਂ ਦੀ ਸ਼ਰਾਬ ਦੇ
ਧਰਤੀ ਦੇ ਹਾਸੇ ਵਰਗਾ
ਜਿਹੜਾ ਕਦੇ ਮਰਦਾ ਨਹੀਂ
ਸਭ ਬੂਟੇ ਉਸ ਦੇ ਬੁੱਲ੍ਹਾਂ ਚੋਂ ਹੱਸਦੇ ਹਨ
ਸਭ ਲੋਕ, ਉਸ ਦੇ ਮੂੰਹ ਰਾਹੀਂ ਗਾਉਂਦੇ ਹਨ ।

## ਨਾਜ਼ਿਮ ਦੀ ਸਿਮ੍ਰਤੀ ਵਿਚ/ਪਾਬਲੋ ਨੇਰੂਦਾ

### 2.

ਨਾਜ਼ਿਮ !
ਤੂੰ ਕਿਉਂ ਤੁਰ ਗਿਆ ਏਂ ?
ਅਸੀਂ ਹੁਣ ਤੇਰੇ ਗੀਤ ਬਿਨਾਂ ਕੀ ਕਰਾਂਗੇ ?
ਸੋਮਾ ਕਿੱਥੋਂ ਲੱਭਾਂਗੇ
ਸਾਨੂੰ ਉਡੀਕਦੀ ਹੋਈ ਤੇਰੀ ਖੁੱਲੀ ਮੁਸਕਾਨ
ਹੁਣ ਕਿੱਥੇ ਹੋਵੇਗੀ ।

ਅਸੀਂ ਤੇਰੀ ਦਿਰੜ ਕੋਮਲਤਾ,
ਤੇਰੀ ਹਾਜ਼ਰੀ ਬਿਨਾਂ ਕੀ ਕਰਾਂਗੇ
ਅਸੀਂ ਤੇਰੀਆਂ ਉਹ ਅੱਖਾਂ ਕਿੱਥੋਂ ਲੱਭਾਂਗੇ
ਜਿਹਨਾਂ 'ਚ
ਅੱਗ ਤੇ ਪਾਣੀ
ਕੌੜਾ ਸੱਚ, ਪੀੜ ਦੇ ਅੱਥਰੂ
ਤੇ ਦਲੇਰੀ ਭਰੀ ਖੁਸ਼ੀ ਹੁੰਦੀ ਸੀ ?

ਭਰਾ ਮੇਰਿਆ !
ਤੂੰ ਸਾਨੂੰ ਏਨੀਆਂ ਗੱਲਾਂ ਸਿਖਾਈਆਂ ਸਨ
ਕਿ ਜੇ ਉਹਨਾਂ ਨੂੰ ਸਮੁੰਦਰ ਦੀ ਖਾਰੀ ਹਵਾ
ਖਿਲਾਰ ਦੇਵੇ
ਤਾਂ ਉਹ ਉੱਡ ਕੇ ਦੂਰ ਚਲੇ ਜਾਣਗੀਆਂ
ਸਮੁੰਦਰ ਦੀ ਝੱਗ ਦੇ ਬੁੰਬਿਆਂ ਵਾਂਗ
ਤੇ ਦੂਰ ਜਾ ਬੈਠਣਗੀਆਂ
ਉਸ ਧਰਤੀ ਤੇ ਜਿੱਥੇ ਤੂੰ ਰਹਿਣਾ ਪਸੰਦ ਕੀਤਾ ਸੀ
ਤੇ ਜਿਹੜੀ ਮੌਤ ਹੁਣ ਤੈਨੂੰ ਸੰਭਾਲਦੀ ਹੈ
ਵੀਰ ! ਇਹ ਤੇਰੇ ਲਈ
'ਚਿੱਲੀ' ਦੀਆਂ ਸਿਆਲ ਦੀਆਂ ਗੁਲਦਾਉਦੀਆਂ ਹਨ
ਇਹ ਜੂਨ ਵਿਚ ਦੱਖਣੀ ਸਮੁੰਦਰਾਂ ਦਾ
ਠੰਢਾ-ਸੀਤ ਚੰਨ ਹੈ ।
ਤੇ ਇਹ ਇਕ ਹੋਰ ਚੀਜ਼ ਹੈ



ਲੋਕਾਂ ਦਾ ਸੰਘਰਸ਼
ਮੇਰਾ ਲੋਕਾਂ ਦਾ ਸੰਗਰਾਮ
ਤੇ ਤੇਰੀ ਮਾਤ ਭੂਮੀ ਵਿਚੋਂ ਆਉਂਦੀ ਮਾਤਮੀ
ਢੋਲਾਂ ਦੀ ਧਮਕ ਹੈ ।

ਯੋਧੇ ਭਰਾਵਾ !
ਮੈਂ ਤੇਰੇ ਬਿਨਾ ਦੁਨੀਆਂ ਵਿਚ ਇਕੱਲਾ ਹਾਂ
ਸੁਨਹਿਰੀ ਚੈਰੀ ਦੇ ਫੁੱਲ ਵਾਂਗ ਖਿੜੇ ਤੇਰੇ ਚਿਹਰੇ
ਤੋਂ ਬਿਨਾਂ
ਤੇਰੀ ਦੋਸਤੀ ਤੋਂ ਵਿਰਵਾ
ਦੋਸਤੀ, ਜਿਹੜੀ ਮੇਰੇ ਲਈ
ਮੂੰਹ ਦੀ ਬੁਰਕੀ, ਪਿਆਸ ਲਈ 'ਪਾਣੀ
ਮੇਰੇ ਲਹੂ ਲਈ ਸ਼ਕਤੀ ਸੀ।

ਜਦੋਂ ਪਹਿਲੀ ਵਾਰ ਤੈਨੂੰ ਮਿਲਿਆ ਸੀ
ਉਹਨਾਂ ਤੈਨੂੰ
ਬੇਰਹਿਮੀ, ਦੁੱਖ ਤੇ ਗਲਤੀਆਂ ਦੇ ਡੂੰਘੇ ਕਾਲੇ

ਖੂਹਾਂ ਵਰਗੀਆਂ ਜੇਲ੍ਹਾਂ 'ਚੋਂ
ਰਿਹਾ ਕੀਤਾ ਸੀ ।

ਮੈਂ ਤੇਰੇ ਹੱਥਾਂ ਤੇ ਤਸੀਹਿਆਂ ਦੇ ਨਿਸ਼ਾਨ
ਮਹਿਸੂਸ ਕੀਤੇ ਸਨ ।
ਮੈਂ ਤੇਰੀਆਂ ਅੱਖਾਂ 'ਚੋਂ
ਘਿਰਣਾ ਦੇ ਕੰਡੇ ਲੱਭਦਾ ਸੀ
ਪਰ ਤੂੰ ਜੋ ਲੈ ਕੇ ਵਾਪਸ ਪਰਤਿਆਂ ਸੀ
ਉਹ ਚਾਨਣ ਵੰਡਦਾ ਇਕ ਦਿਲ ਸੀ
ਸਵੱਛ, ਬੇਅੰਤ ਚਾਨਣ ਨਾਲ ਭਰਿਆ
ਤੇਰਾ ਜ਼ਖ਼ਮੀ ਦਿਲ ।

ਤੇ ਹੁਣ ?
ਮੈਂ ਇਸ ਧਰਤੀ ਨੂੰ ਉਹਨਾਂ ਫੁੱਲਾਂ ਤੋਂ ਬਿਨਾਂ
ਜਿਹੜੇ ਤੂੰ ਬੀਜੇ ਸੀ, ਕਿਵੇਂ ਕਲਪਣਾ ਕਰਾਂ
ਤੇਰੀ ਮਿਸ਼ਾਲ ਤੋਂ ਬਿਨਾਂ

ਜਿਸ 'ਚੋਂ ਮੈਂ ਲੋਕਾਂ ਦਾ ਚਾਨਣ
ਤੇ ਕਵੀ ਦਾ ਸਵੈਮਾਣ ਤੱਕਦਾ ਸੀ

ਤੇਰਾ ਧੰਨਵਾਦ
ਤੇਰੇ ਆਗਮਨ ਤੇ
ਤੇ ਉਸ ਅੱਗ ਲਈ ਧੰਨਵਾਦ
ਜਿਹੜੀ ਤੇਰੇ ਗੀਤਾਂ ਨੇ ਸੁਲਗਾਈ ਹੈ।



## ਨਾਜ਼ਿਮ-ਹਿਕਮਤ ਦਾ ਦਿਲ

ਯਵਤੂਸ਼ੈਂਕੂ (ਰੂਸੀ ਕਵੀ)

ਇੱਕ ਤੋਂ ਪਿੱਛੋਂ ਦੂਸਰੇ ਅਧੂਰੇ-ਸੱਚਾਂ ਤੋਂ ਅੱਕ ਕੇ
ਚਿੱਕੜ ਵਾਂਗੂੰ ਤਿਲਕਦਾ।
ਬੇ-ਸ਼ਰਮੀ ਭਰਿਆ ਰੋਅਬ ਵੇਖ
ਜਦੋਂ ਮੈਂ ਲਾਲ-ਵਾਲਾਂ ਵਾਲੇ
ਨਾਜ਼ਿਮ ਹਿਕਮਤ ਬਾਰੇ ਸੋਚਦਾਂ
ਤਾਂ ਬੋਹੜੀ ਜੇਹੀ ਗਲੇ 'ਚੋਂ ਅੜ ਕੇ ਨਿਕਲਦੀ
ਆਵਾਜ਼ ਸੁਣਦਾ,
"ਵਧਾਈਆਂ, ਭਰਾਵਾ!
ਚਿਹਰਾ ਉਦਾਸ ਕਿਉਂ ਹੈ?
ਚਿੰਤਾ ਕਰਨ ਦੀ ਲੋੜ ਹੀ ਕਿਹੜੀ ਹੈ।
ਕਵਿਤਾਵਾਂ ਦਾ ਥੱਬਾ?
ਆਓ, ਆਪਾਂ ਸਾਰੀਆਂ ਹੀ ਪੜ੍ਹ ਸੁੱਟਦੇ ਹਾਂ।
ਪੈਸਾ ਨਹੀਂ?
ਕੋਈ ਨਹੀਂ. ਕਿਤੋਂ ਨਾਂ ਕਿਤੋਂ ਕੱਢ ਲੈਂਦੇ ਹਾਂ
ਕੋਈ ਕੁੜੀ?
ਪ੍ਰੇਸ਼ਾਨ ਨਾ ਹੋ, ਅਸੀਂ ਤੇਰੇ ਲਈ ਕੋਈ ਹੋਰ
ਲੱਭ ਦਿੰਦੇ ਹਾਂ।
ਅੰਦਰ-ਵਾਰ
ਦਰਦ ਇਕ ਛੁਰੀ ਵਾਂਗ ਮਰੋੜੇ ਖਾਂਦਾ ਹੈ
ਭਿਆਨਕ, ਲਮਕੇ ਹੋਏ ਚਿਹਰੇ ਉੱਤੇ
ਹਲ ਦੇ ਸਿਆੜਾਂ ਵਾਂਗ
"ਇਹ ਬਿਲਕੁਲ ਠੀਕ ਹੈ।"
ਦਿਲ ਦੁੱਖਦਾ ਹੈ, ਪਰ ਫਿਕਰ ਵਾਲੀ
ਕੋਈ ਗੱਲ ਨਹੀਂ
ਨਾਖ਼ੁਸ਼ ਕਿਉਂ ਹੋਣਾ ਹੋਇਆ
ਜੇ ਜੀਵਨ ਹੈ ਤਾਂ ਦਰਦ ਵੀ ਹੈ
ਕਈਆਂ ਲਈ ਕਵਿਤਾ
ਇੱਕ ਭਾਂਤ ਦੀ ਖੇਡ ਹੈ
ਤੇ ਕਈਆਂ ਲਈ,
ਮੰਡੀ ਦਾ ਸਟਾਲ-ਇਕ ਰੁਜ਼ਗਾਰ

ਉਹਦੇ ਵਰਗਿਆਂ ਲਈ
ਇਹ ਖੇਡ ਨਹੀਂ, ਪੀੜਾ ਹੈ
ਤੇ ਨਾਜ਼ਿਮ ਦਾ ਦਿਲ ਨਿਸਚੇ ਹੀ ਸਦਾ ਦਰਦ
ਕਰਦਾ ਰਹਿੰਦਾ ਹੋਵੇਗਾ

ਇੱਕ ਵਾਰ, ਕੁਝ ਸ਼ੱਕੀ ਹੁੰਦਿਆਂ,
ਨਾਜ਼ਿਮ ਦਾ ਬਚਾਅ ਕਰਨ ਹਿੱਤ,
ਡਾਕਟਰ ਨੇ ਮੈਨੂੰ ਕਿਹਾ,
"ਕੁਝ ਗੱਲਾਂ ਨੁਕਸਾਨ-ਦਿਹ ਹੋ ਸਕਦੀਆਂ ਨੇ
ਉਹਨਾਂ ਤੋਂ ਬਚੋ।
ਉਹਨੂੰ ਪ੍ਰੇਸ਼ਾਨ ਕਰਨ ਤੋਂ ਪ੍ਰਹੇਜ਼ ਕਰੋ।"

ਭੋਲਾ ਡਾਕਟਰ !
ਤੇਰਾ ਮਰੀਜ਼ ਕਿੱਥੇ ਹੈ ਹੁਣ ?

ਜਦੋਂ ਜੀਊਂਦਾਂ ਸੀ ਤਾਂ ਤੇਰੀਆਂ ਸਾਰੀਆਂ
ਕੋਸ਼ਿਸ਼ਾਂ ਦੇ ਬਾਵਜੂਦ
ਮੌਤ ਤੋਂ ਪਿੱਛੋਂ ਵੀ ਕਿਵੇਂ ਨਾ ਕਿਵੇਂ
ਉਸ ਦਾ ਦਿਲ ਜੀਊਂਦਾ ਰਹਿ ਗਿਆ ਹੈ
ਤੇ ਇਹ ਉਸ ਨੂੰ ਤਕਲੀਫ ਦਿੰਦਾ ਰਹਿੰਦਾ ਹੈ
ਪਹਿਲਾਂ ਵਾਂਗ।

ਮੇਰੇ ਵਿਚਲੀ ਸਾਰੀ ਪੀੜ ਲਈ
ਇਹ ਦਰਦ ਕਰਦਾ ਰਹਿੰਦਾ ਹੈ
ਇਹ ਰੂਸੀਆਂ ਤੇ ਤੁਰਕਾਂ ਲਈ
ਪੀੜਤ ਰਹਿੰਦਾ ਹੈ
ਤੇ ਉਹਨਾਂ ਸਾਰਿਆਂ ਲਈ
ਜਿਹੜੇ ਨਾਜ਼ਿਮ ਵਾਂਗ,
ਭਾਵੇਂ ਜੇਲ੍ਹ ਵਿਚ ਬੰਦ ਨੇ
ਫਿਰ ਵੀ ਆਜ਼ਾਦ ਨੇ
ਤੇ ਉਹਨਾਂ ਸਭ ਲਈ ਵੀ
ਜਿਹਨਾਂ ਲਈ ਆਜ਼ਾਦੀ ਹੀ ਮੰਜ਼ਲ ਹੈ।
ਜਿਹਲਾਂ ਦੀ ਦਿੱਤੀ ਸਾਰੀ ਕੋਮਲਤਾ ਨੇ
ਜਿਹਨੂੰ ਸਿੱਖਿਆ ਦਿੱਤੀ ਹੈ
ਪਰ ਜਿਹੜਾ ਮੌਤ ਪਿੱਛੋਂ ਵੀ



ਡਾਕਟਰਾਂ ਪ੍ਰਤੀ ਗੁਸਤਾਖ਼ ਹੈ।
ਇਹ ਪੀੜ ਕਰਦਾ ਹੈ
ਜਿਸ ਘੜੀ ਸਾਡਾ ਹੌਸਲਾ ਕਮਜ਼ੋਰ ਹੁੰਦਾ ਹੈ
ਇਹ ਪੀੜ ਕਰਦਾ ਹੈ
ਜਦੋਂ ਵੀ ਅਸੀਂ ਬੇਪ੍ਰਵਾਹ ਹੁੰਦੇ ਹਾਂ
ਇਹ ਪੀੜ ਕਰਦਾ ਹੈ
ਜਦ ਅਸੀਂ ਨਹੀਂ ਕਹਿ ਸਕਦੇ
"ਵਧਾਈਆਂ, ਭਰਾਵਾ"
ਓਨੀ ਹੀ ਬਹਾਦਰੀ ਨਾਲ
ਜਿਵੇਂ ਪਹਿਲਾਂ ਕਰਦਾ ਹੁੰਦਾ ਸੀ,
ਸਾਡੇ ਦਿਲਾਂ ਨੂੰ ਦੂਜਿਆਂ ਲਈ
ਸਦਾ ਹੀ ਪੀੜਿਤ ਹੋਣ ਦਿਓ।
ਤਾਂਕਿ ਉਸ ਦਾ ਦਿਲ, ਉਸ ਨੂੰ ਹੋਰ ਜ਼ਿਆਦਾ ਪੀੜਤ ਨਾ ਕਰੇ।

(1967)

**ਕਾਵਿ-ਚਿਤਰ :**

### ਨਾਜ਼ਿਮ/ਯਰੋਸਲੇਵ ਸਮੇਯਾਕੋਵ (ਰੂਸੀ ਕਵੀ)

ਧੁੱਪ ਹੋਵੇ ਜਾਂ ਮੀਂਹ
ਮਾਸਕੋ ਵਿਚ ਦਸ ਜਾਂ ਇਸ ਤੋਂ ਵੱਧ ਵਰ੍ਹੇ ਤੋਂ
ਇਕ ਤੁਰਕ ਰਹਿੰਦਾ ਸੀ
ਨੀਲੀਆਂ ਅੱਖਾਂ ਵਾਲਾ
ਨਾਜ਼ਮ ਹਿਕਮਤ ਨਾਂ ਸੀ ਉਸਦਾ।

ਉਸ ਨੂੰ ਮਿਊਂਸਪਲ ਕਮੇਟੀ ਦਾ ਘਰ ਮਿਲਿਆ ਹੋਇਆ ਸੀ
ਉੱਥੇ ਹੀ ਸੰਸਾਰ ਯੋਜਨਾ ਦੇ ਉਸਾਰੀ ਇੰਜਨੀਅਰ ਵਾਂਗੂੰ
ਉਹ ਕੰਮ ਕਰਦਾ ਦਿਨ-ਕਟੀ ਕਰਦਾ ਸੀ।

ਨਾ ਸ਼ਰਾਬ ਦਾ ਗਲਾਸ, ਨਾ ਤੰਬਾਕੂ ਦਾ ਪਾਈਪ
ਉਸ ਨੂੰ ਧੀਰਜ ਦਿੰਦੇ ਸੀ
ਹਵਾ ਦੇ ਬੁੱਲੇ ਨਾਲ ਉੱਡਦੇ ਖਰੜੇ ਦੇ ਪੰਨੇ
ਉਸ ਦਾ ਸ਼ੌਕ ਸਨ।

ਅਸੀਂ ਕਈ ਵਾਰ ਇਕੋ ਮੇਜ਼ ਤੇ ਖਾਣਾ ਖਾਧਾ
ਇਕੱਠੇ ਚੰਗੇਰੀ ਦੁਨੀਆਂ ਦੇ ਸੁਪਨੇ ਲਏ
ਤੇ ਇਸ ਤੋਂ ਬਿਨਾਂ
ਆਪਣੇ ਦੁੱਖ ਤੇ ਜਿੱਤਾਂ ਸਾਂਝੀਆਂ ਕੀਤੀਆਂ

ਜਦੋਂ ਉਹ ਉਦਾਸ ਹੁੰਦਾ
ਤਾਂ ਸਭ ਰਵਾਇਤੀ ਵਿਹਾਰ ਛੱਡ ਕੇ
ਜੇ ਕੋਈ ਉਸ ਨੂੰ "ਨਾਜ਼ਿਮ" ਨਾਂ ਨਾਲ ਪੁਕਾਰਦਾ
ਤਾਂ ਉਹ ਬੇਹੱਦ ਖ਼ੁਸ਼ ਹੁੰਦਾ।

ਹੋਰਨਾਂ ਚੰਗੇ ਲੋਕਾਂ ਵਾਂਗੂ
ਉਹ ਦੁਨੀਆਂ ਨੂੰ ਇਕ-ਮੁਠ ਕਰਨ ਦੇ ਸੁਪਨੇ ਲੈਂਦਾ ਸੀ
ਤੇ ਇਸ ਕਾਰਜ ਲਈ
ਉਹ ਨਿਧੜਕ ਹੋ ਉੱਤਰ ਤੋਂ ਦੱਖਣ ਤੀਕ
ਤੁਰਦਾ ਰਿਹਾ ਤੇ ਕਈ ਸਰਹੱਦਾਂ ਉਲੰਘੀਆਂ

ਹਾਲ ਵਿਚ ਤੇ ਚੁਰੱਤਿਆਂ ਤੇ
ਲਾਊਡ'ਸਪੀਕਰ ਉਸੇ ਬਾਰੇ ਗੂੰਜਦੇ ਸੀ
ਕੋਈ ਮੇਲਾ, ਕੋਈ ਸਮਾਗਮ ਉਸਦੇ ਬਿਨਾਂ
ਸੰਪੂਰਨ ਨਹੀਂ ਸੀ ਹੁੰਦਾ।
ਏਨਾ ਜਵਾਨ ਤੇ ਏਨਾ ਵਿਸ਼ਵਾਸੀ ਸੀ ਉਹ
ਕਿ ਇੰਝ ਲਗਦਾ ਸੀ ਜਿਵੇਂ
ਭਵਿਖ ਦੇ ਮਹਾਂ ਕਮਿਊਨ ਤੋਂ
ਦੂਰ ਭੂਤ-ਕਾਲ ਤੀਕ ਉਹ ਸਮੇਂ ਦੇ ਵਿਚੋਂ ਦੀ ਲੰਘ ਰਿਹਾ ਹੋਵੇ

ਉਹ ਜਦੋਂ ਆਪਣੀ ਜੈਕਟ ਦੀ ਜੇਬ ਵਿਚ ਹੱਥ ਪਾਉਂਦਾ।
ਤਾਂ ਇੰਝ ਲੱਗਦਾ ਜਿਵੇਂ ਸਾਰੀ ਦੁਨੀਆਂ ਦਾ ਭਵਿੱਖ ਟਟੋਲ ਕੇ ਬਾਹਰ **ਕੱਢਣ**
ਲੱਗਾ ਹੋਵੇ।

ਆਤਮਾ ਤੇ ਮਨ ਤੋਂ
ਆਪਣੀ ਹੋਂਦ ਦੀ ਹਰ ਤੰਦ 'ਚੋਂ
ਉਹ ਕੌਮਾਤਰੀਵਾਦੀ ਸੀ
ਸਪਸ਼ਟ ਤੇ ਦੂਰ-ਅੰਦੇਸ਼,
ਜਦੋਂ ਦੇਰ ਰਾਤ ਗਈ ਗੂੜ੍ਹਾ ਹਨ੍ਹੇਰਾ ਉਤਰਦਾ

ਤਾਂ ਉਹ ਆਪਣੇ ਘਰ ਵਿਚ ਕੱਲ੍ਹਾ-ਕਾਰਾ ਤੇ ਚੁੱਪ
ਆਪਣੀ ਮਾਤ-ਭੂਮੀ ਵੱਲ ਮੂੰਹ ਕਹੀ ਖਲੋਤਾ ਰਹਿੰਦਾ
ਤੇ ਦੂਰ ਦੁਮੇਲ ਵੱਲ
ਆਪਣੇ ਦੇਸ਼ ਤੁਰਕੀ ਵੱਲ, ਤੱਕਦਾ ਰਹਿੰਦਾ
ਦੇਸ਼ ਜਿੱਥੇ ਉਸ ਦੇ ਬੋਲਾਂ ਤੇ
ਪੱਕੀ ਪਾਬੰਦੀ ਲੱਗੀ ਹੋਈ ਸੀ। ●



# ਤੇਰੀ ਕਵਿਤਾ

—ਹਰਭਜਨ ਸਿੰਘ ਹੁੰਦਲ

(ਨਾਜ਼ਿਮ ਹਿਕਮਤ ਦੇ ਨਾਂ)

ਤੇਰੀ ਕਵਿਤਾ ਏਸ ਤਰ੍ਹਾਂ ਕੁਝ ਆਉਂਦੀ ਹੈ;
ਦੱਬੇ ਪੈਰੀਂ ਦੋਸਤ ਕੋਈ
ਕੁਰਸੀ ਪਿੱਛੇ ਆਣ ਖਲੋਵੇ
ਤੇ ਅੱਖਾਂ ਤੇ ਹੱਥ ਧਰਕੇ ਇਹ ਪੁੱਛੇ;
"ਬੁੱਝ, ਬੁੱਝ, ਕੌਣ ਪਿਆਰਾ ਆਇਆ ਹੈ ?"

ਤੇਰੀ ਕਵਿਤਾ;
        ਸਦਾ ਅਸਾਡੇ ਅੰਗ-ਸੰਗ ਰਹਿੰਦੀ
        ਉੱਠਦੀ ਬਹਿੰਦੀ
        ਕੀ ਕੀ ਨਹੀਂ ਇਹ ਕਹਿੰਦੀ ਰਹਿੰਦੀ।

ਤੇਰੀਆਂ ਜਿੱਤਾਂ,
ਹਾਰਾਂ ਸਾਨੂੰ
ਆਪਣੀਆਂ ਹੀ ਲੱਗਦੀਆਂ
ਤੈਨੂੰ ਫਿਕਰ ਹੋਵੇ
ਘਬਰਾਈਏ ;
ਤੂੰ ਖ਼ੁਸ਼ ਹੋਵੇਂ
ਖ਼ੁਸ਼ ਹੋ ਜਾਈਏ !
        ਜੇ ਕੋਈ ਕਵਿਤਾ ਕਹਿਣੀ ਲੋਚੇ
        ਤਾਂ ਤੇਰੇ ਤੋਂ ਸਿੱਖੇ।

ਤੂੰ ਹੀ ਦੱਸੇਂ;
        ਕਿਵੇਂ ਕਸਾਈ ਫੜ ਗੀਤਾਂ ਨੂੰ ਕੋਂਹਦੇ ਨੇ
        ਤੱਤੀ ਤਵੀ ਬਿਠਾਉਂਦੇ ਨੇ
        ਸਾਰੇ ਗੁਰ ਅਜ਼ਮਾਉਂਦੇ ਨੇ"

ਤੇਰੀ ਕਵਿਤਾ;
        ਕਾਲੀ ਰਾਤੇ ਚੰਨ ਚੜ੍ਹ ਆਵੇ
        ਹੱਥਾਂ ਨਾਲ ਕਰਿੰਗੜੀ ਪਾ ਕੇ
        ਰੌਸ਼ਨੀਆਂ ਦੇ ਸ਼ਹਿਰ ਤੀਕ ਸਾਨੂੰ ਲੈ ਜਾਵੇ।

ਜਦੋਂ ਕਦੇ ਪਰ

ਤੈਨੂੰ ਤੁਰਕੀ, ਪਤਨੀ ਪਿਆਰੀ
ਜਾਂ ਵਿਹੜੇ ਦੀ ਫੁੱਲ-ਕਿਆਰੀ
ਤੇ ਧਰਤੀ ਦੀ ਪੀੜ ਸਤਾਵੇ
ਕਵਿਤਾ ਆਪ-ਮੁਹਾਰੀ ਆਵੇ

ਏਦਾਂ ਲੱਗੇ;

ਆਲ-ਦੁਆਲੇ
ਕੋਈ ਸੁਗੰਧ ਫੈਲਦੀ ਜਾਵੇ
ਤੈਨੂੰ ਵੇਖ, ਗੀਤ ਮੁਸਕਾਵੇ ।

ਤੂੰ ਹੀ ਦੱਸੇਂ,

ਔਖੇ ਵੇਲੇ
ਕਿਸ ਦਾ ਨਾਮ ਧਿਆਈਦਾ ਏ
ਆਜ਼ਾਦੀ ਦਾ ਉਜਲਾ ਨਗਮਾਂ
ਕਿਹੜੇ ਤਾਲ ਤੇ ਗਾਈਦਾ ਏ
ਚਿੱਕੜ 'ਚੋਂ ਬੇਦਾਗ਼ ਕਿਵੇਂ ਲੰਘ ਜਾਈਦਾ ਏ ।

ਜਿੰਨਾ ਚਿਰ ਵੀ ਸਾਡੇ ਲੋਕਾਂ

ਨਾਲ ਵਿਰੋਧਾਂ ਖਹਿਣਾ ਹੈ
ਜਿੰਨਾ ਚਿਰ ਖ਼ੁਸ਼ਬੂ ਦਾ ਲੋਕਾਂ
ਸੱਜਰਾ ਸੁਪਨਾ ਲੈਣਾ ਹੈ
ਜਿੰਨਾ ਚਿਰ ਸੋਚਾਂ ਦੇ ਬੂਹੇ
ਕਾਲਾ ਪਹਿਰਾ ਬਹਿਣਾ ਹੈ

ਤੇਰੀ ਕਵਿਤਾ

ਲੜਦੇ ਹੋਏ ਲੋਕਾਂ ਲਾਗੇ ਰਹਿਣਾ ਹੈ

ਤੇਰੀ ਕਵਿਤਾ,

ਸੰਗਰਾਮਾਂ ਦਾ ਗਹਿਣਾ ਹੈ ।

ਇਸ ਕਵਿਤਾ ਨੇ,

ਸਦਾ ਜਾਗਦੇ ਰਹਿਣਾ ਹੈ । ●

(20-8-95)





## ਨਾਜ਼ਿਮ ਹਿਕਮਤ/ਫ਼ੈਜ਼ ਅਹਿਮਦ ਫ਼ੈਜ਼

ਨਾਜ਼ਿਮ ਹਿਕਮਤ ਦਾ ਨਾਂ ਮੈਂ ਬਹੁਤ ਪਹਿਲਾਂ ਦਾ ਜਾਣਦਾ ਸੀ ਤੇ ਇਹ ਵੀ ਜਾਣਦਾ ਸੀ ਕਿ ਅਜੋਕੀ ਤੁਰਕੀ ਭਾਸ਼ਾ ਦਾ ਉਹ ਸਭ ਤੋਂ ਵੱਡਾ ਕਵੀ ਸੀ । ਅੰਗਰੇਜ਼ੀ ਵਿਚ ਉਸਦੀਆਂ ਕਵਿਤਾਵਾਂ ਦੇ ਅਨੁਵਾਦ ਦਾ ਇਕ ਛੋਟਾ ਜਿਹਾ ਸੰਗ੍ਰਹਿ ਵੀ ਲਾਹੌਰ ਵਿਚ ਹੱਥ ਲੱਗਾ ਸੀ, ਜਿਸ ਨੂੰ ਬਹੁਤ ਸਾਰੇ ਲੋਕਾਂ ਨੇ ਬੜੇ ਸ਼ੌਕ ਨਾਲ ਪੜ੍ਹਿਆ ਸੀ । ਇਹ ਸੰਗ੍ਰਹਿ ਨਾਜ਼ਿਮ ਦੀ ਦੁਖਾਂ-ਭਰੀ ਲੰਮੀ ਕੈਦ ਦੀ ਯਾਦਗਾਰ ਹੈ । ਮੈਂ ਆਪਣੇ ਜੇਲ੍ਹਖ਼ਾਨੇ ਦੇ ਦਿਨਾਂ ਵਿਚ ਨਾਜ਼ਿਮ ਦੇ ਜੇਲ੍ਹਖ਼ਾਨੇ ਦੇ ਕਸ਼ਟਾਂ ਬਾਰੇ ਬੰਦ ਅਕਸਰ ਯਾਦ ਕਰਦਾ ਸੀ :

ਤਕਲੀਫਾਂ ਕਿੰਨੀਆ ਵੀ ਹੋਣ
ਆਪਣਾ ਨਗੀਨਿਆਂ ਭਰਿਆ ਦਿਲ
ਚਮਕਦਾ ਰੱਖੋ ।

ਨਾਜ਼ਿਮ ਹਿਕਮਤ ਨੇ ਜ਼ਿੰਦਗੀ ਦਾ ਬਹੁਤ ਸਾਰਾ ਹਿੱਸਾ ਤੁਰਕੀ ਦੇ ਜੇਲ੍ਹ ਖ਼ਾਨਿਆਂ ਵਿਚ ਗੁਜ਼ਾਰਿਆ ਤੇ ਫਿਰ ਫਰਾਰ ਹੋ ਕੇ ਸੋਵੀਅਤ ਯੂਨੀਅਨ ਵਿਚ ਜਾ ਸ਼ਰਨ ਲਈ ਤੇ ਉਥੇ ਹੀ ਵੱਸ ਗਏ । ਭਾਵੇਂ ਕਿ ਉਨ੍ਹਾਂ ਦਾ ਦਿਲ ਹਰ ਤਰ੍ਹਾਂ ਦੇ ਸੁੱਖ-ਆਰਾਮ ਮਿਲਣ ਦੇ ਬਾਵਜੂਦ ਵਤਨ ਦੀ ਯਾਦ ਵਿਚ ਤੜਫਦਾ ਰਿਹਾ ਤੇ ਜਲਾਵਤਨੀ ਵਿਚ ਲਿਖੀਆਂ ਵਧੇਰੇ ਕਵਿਤਾਵਾਂ ਦਾ ਵਿਸ਼ਾ ਵੀ ਇਹੀ ਸੀ । 1958 ਵਿਚ ਤਾਸ਼ਕੰਦ ਵਿਚਲੀ ਏਸ਼ੀਆਈ ਅਫਰੀਕਨ ਸਾਹਿਤਕ ਕਾਨਫਰੰਸ ਦੇ ਪ੍ਰੋਗਰਾਮ ਵਿਚ, ਅਸੀਂ ਇਕ ਕਵੀ ਦਰਬਾਰ ਵੀ ਰੱਖਵਾ ਦਿੱਤਾ ਸੀ, ਜਿਹੜਾ ਕਿ ਉਥੋਂ ਦੇ ਲੋਕਾਂ ਲਈ ਕੁਝ ਨਵੀਂ ਚੀਜ਼ ਸੀ ।

ਸੋਵੀਅਤ ਯੂਨੀਅਨ ਵਿਚ ਸਾਡੇ ਵਾਂਗ ਕਵੀ ਦੀ ਰਚਨਾ ਉਸ ਦੇ ਆਪਣੇ ਮੂੰਹੋਂ ਸੁਣਨ ਦਾ ਰਿਵਾਜ ਤਾਂ ਹੈ । ਪਰ ਆਮ ਤੌਰ ਤੇ ਅਜੇਹੇ ਸਮਾਗਮਾਂ ਵਿਚ ਸਿਰਫ ਇਕ ਹੀ ਪਰਸਿੱਧ ਕਵੀ ਦਾ ਕਲਾਮ ਸੁਣਿਆ ਜਾਂਦਾ ਹੈ, ਜਾਂ ਕਿਸੇ ਖਾਸ ਪ੍ਰੋਗਰਾਮ ਨਾਲ ਸੰਬੰਧਤ ਵਿਸ਼ੇ ਬਾਰੇ ਕਵਿਤਾ ਤੇ ਵਾਰਤਿਕ ਦੋਵਾਂ ਬਾਰੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ । ਸ਼ਾਇਰਾਂ ਦਾ ਅਖਾੜਾ ਨਹੀਂ ਰਚਾਇਆ ਜਾਂਦਾ । ਇਸੇ ਤਾਸ਼ਕੰਦ ਮੁਸ਼ਹਿਰੇ ਵਿਚ ਨਾਜ਼ਿਮ ਨਾਲ ਪਹਿਲੀ ਮੁਲਾਕਾਤ ਹੋਈ ਸੀ ਤੇ ਇਸ ਤੋਂ ਪਿਛੋਂ ਉਹਦੇ ਨਾਲ ਦੋਸਤੀ ਤੇ ਮੁਹੱਬਤ ਦਾ ਰਿਸ਼ਤਾ 1963 ਤੱਕ ਉਸ ਦੀ ਅਚਾਨਕ ਹੋਈ ਮੌਤ ਤੀਕ ਬਣਿਆ ਰਿਹਾ ।

ਨਾਜ਼ਿਮ ਵੇਖਣ ਨੂੰ ਬਹੁਤ ਜਵਾਨ ਆਦਮੀ ਲੱਗਦੇ ਸਨ । ਲੰਮਾ ਕੱਦ, ਪਤਲਾ ਸਰੀਰ, ਸੰਘਣੇ ਸੁਨਹਿਰੀ ਘੁੰਗਰਾਲੇ ਵਾਲ, ਭੂਰੀਆਂ ਅੱਖਾਂ, ਬਹੁਤ ਤਿੱਖੇ ਨੈਣ-ਨਕਸ਼ ਤੇ ਸੁਰਖ਼ ਗੋਰਾ ਰੰਗ । ਉਮਰ ਵਿਚ ਮੇਰੇ ਨਾਲੋਂ ਅੱਠ-ਦਸ ਵਰ੍ਹੇ ਵੱਡੇ ਹੋਣਗੇ, ਪਰ ਬਿਲਕੁਲ ਜਵਾਨ ਵਿਖਾਈ

ਦਿੰਦੇ ਸਨ। ਖਾਨਦਾਨ ਦੇ ਰਈਸ, ਇਕ ਪਾਸ਼ਾ ਦੇ ਪੋਤੇ ਜਵਾਨੀ ਵਿਚ ਅਨਾਤੂਲੀਆ ਵਿਚ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲਿਆ ਤੇ ਇਸ ਤੋਂ ਪਿੱਛੋਂ ਜੰਤਾ ਦੇ ਹਿੱਤਾਂ ਲਈ ਅਮਲੀ ਤੇ ਲਿਖਤੀ ਤੌਰ ਤੇ ਸੰਗਰਾਮ ਵਿਚ ਆਪਣਾ ਜੀਵਨ ਲਾ ਦਿੱਤਾ। ਤਾਸ਼ਕੰਦ ਕਾਨਫਰੰਸ ਦੇ ਪਿੱਛੋਂ ਜਦੋਂ ਅਸੀਂ ਮਾਸਕੋ ਪਹੁੰਚੇ, ਨਾਜ਼ਿਮ ਨੇ ਸਾਨੂੰ ਦੋ ਚਾਰ ਦੋਸਤਾਂ ਨੂੰ ਆਪਣੇ ਡਾਚੇ (ਆਰਾਮ ਘਰ) ਵਿਚ ਆਉਣ ਦਾ ਸੱਦਾ ਦਿੱਤਾ। ਇਹ ਤਿੰਨ ਵੱਡੇ ਵੱਡੇ ਕਮਰਿਆਂ ਵਾਲੀ ਇਕ ਬਹੁਤ ਹਵਾਦਾਰ ਲੱਕੜੀ ਦੀ ਇਮਾਰਤ ਸੀ।

ਇਕ ਦੋ ਘੰਟੇ ਖਾਣ ਪੀਣ ਤੇ ਏਧਰ ਉਧਰ ਦੀਆਂ ਗੱਲਾਂ ਕਰਨ ਵਿਚ ਲੰਘ ਗਏ। ਫਿਰ ਨਾਜ਼ਿਮ ਨੇ ਕਿਹਾ: "ਚਲੋ ਭਾਈ, ਹੁਣ ਦੂਸਰੇ ਕਮਰੇ ਵਿਚ ਚੱਲ ਕੇ ਗੱਪਾਂ ਮਾਰਦੇ ਹਾਂ। ਗੱਲ ਇਹ ਹੈ ਕਿ ਗੱਪਾਂ ਮਾਰਨ ਦੇ ਤੌਰ ਤਰੀਕਿਆਂ ਤੋਂ, ਸਾਡੇ ਵਾਂਗ ਪੁਰਾਣੇ ਰੋਮਨ ਲੋਕ ਤਾਂ ਜਾਣੂ ਸਨ, ਜਿਹੜੇ ਖਾਣਾ ਵੀ ਲੰਮੇਂ ਪਿਆ ਹੀ ਖਾਂਦੇ ਸਨ, ਪਰ ਇਹਨਾਂ ਯੂਰਪੀਅਨ ਲੋਕਾਂ ਨੂੰ ਇਹ ਕਲਾ ਬਿਲਕੁਲ ਨਹੀਂ ਆਉਂਦੀ

"ਹਰ ਵੇਲੇ ਕੁਰਸੀਆਂ ਨੂੰ ਚੰਬੜੇ ਰਹਿੰਦੇ ਹਨ।"

ਇਸ ਲਈ ਅਸੀਂ ਉੱਠ ਕੇ ਦੂਸਰੇ ਕਮਰੇ ਵਿਚ ਚਲੇ ਗਏ। ਏਥੇ ਹਰ ਕੰਧ ਨਾਲ ਤਖਤ ਵਰਗੇ ਲੰਮੇ ਲੰਮੇ ਕਾਊਚ ਰੱਖੇ ਹੋਏ ਸਨ। ਕੰਧਾਂ ਤੇ ਅਜੋਕੇ ਸਮੇਂ ਦੇ ਪਰਸਿੱਧ ਚਿੱਤਰਕਾਰਾਂ ਦੀਆਂ ਬਣਾਈਆਂ ਹੋਈਆਂ ਤਸਵੀਰਾਂ ਤੇ ਨਾਜ਼ਿਮ ਦੇ ਵੱਖ ਵੱਖ ਡਰਾਮਿਆਂ ਦੇ ਇਸ਼ਤਿਹਾਰ ਲੱਗੇ ਹੋਏ ਸੀ, ਜੋ ਕਿ ਮਾਸਕੋ ਤੋਂ ਬਿਨਾਂ ਹੋਰ ਬਹੁਤ ਸਾਰੇ ਸ਼ਹਿਰਾਂ ਵਿਚ ਸਟੇਜ ਹੋ ਚੁੱਕੇ ਸਨ।

ਨਾਜ਼ਿਮ ਨੇ ਕਿਹਾ, "ਲਓ ਹੁਣ ਲੇਟ ਕੇ ਆਰਾਮ ਨਾਲ ਗੱਪਾਂ ਮਾਰਦੇ ਹਾਂ। ਸ਼ਿਅਰ ਦੇ ਲਿਬਾਸ, ਸ਼ਕਲ ਤੇ ਉਚਾਰਨ ਦੀ ਗੱਲ ਚੱਲੀ, ਜਿਸ ਦਾ ਸਿਲਸਲਾ ਉਸ ਤੋਂ ਪਿੱਛੋਂ ਕਈ ਮਿਲਣੀਆਂ ਵਿਚ ਮੇਰੇ ਤੇ ਨਾਜ਼ਿਮ ਵਿਚਕਾਰ ਚੱਲਦਾ ਰਿਹਾ। ਨਾਜ਼ਿਮ ਦਾ ਕਹਿਣਾ ਸੀ ਕਿ ਬਿਲਕੁਲ ਆਜ਼ਾਦ ਸ਼ਾਇਰੀ ਜਾਂ ਆਜ਼ਾਦ ਨਜ਼ਮ ਦੀ ਹੋਂਦ ਤਾਂ ਬਿਲਕੁਲ ਹੀ ਸੰਭਵ ਨਹੀਂ, ਜਿਵੇਂ ਨਜ਼ਮ (ਪ੍ਰਬੰਧ) ਸ਼ਬਦ ਤੋਂ ਹੀ ਪ੍ਰਗਟ ਹੈ। ਸ਼ਬਦਾਂ ਨੂੰ ਕਿਸੇ ਤਰਤੀਬ ਵਿਚ ਜੋੜਨਾ ਖੁਦ ਇਕ ਪਾਬੰਦੀ ਹੈ ਤੇ ਸ਼ਿਅਰ ਵਿਚ ਕੁਝ ਬੰਧਸ਼ਾਂ ਵੀ ਹੁੰਦੀਆਂ ਹਨ ਤਾਂ ਕਿ ਸ਼ਿਅਰ ਵਾਰਤਕ ਦੀ ਪੱਧਰ ਤੋਂ ਉੱਚਾ ਉੱਠ ਸਕੇ ਤੇ ਨਾਲ ਹੀ ਕਿਉਂਕਿ ਸ਼ਿਅਰ ਨੇ ਸੰਗੀਤ ਦੇ ਗਰਭ ਚੋਂ ਹੀ ਜਨਮ ਲਿਆ ਹੈ, ਇਸ ਲਈ ਸਭ ਤੋਂ ਪਹਿਲੀ ਸ਼ਰਤ ਇਹੋ ਹੈ ਕਿ ਉਸ ਨੂੰ ਕਿਸੇ ਖਾਸ ਨਿਸਚਿਤ ਤੇ ਸਪੱਸ਼ਟ ਰਿਦਮ (ਤਾਲ) ਲੈ ਜਾ ਆਵਾਜ਼ਾਂ ਦਾ ਪਾਬੰਦ ਹੋਣਾ ਚਾਹੀਦਾ ਹੈ, ਜਿਹੜੀ ਲ ਸ਼ਿਅਰ ਦੇ ਵਿਸ਼ੇ ਤੇ ਸਥਿਤੀ ਦੇ ਅਨੁਕੂਲ ਹੋਵੇ। ਪਰ ਇਸ ਵਿਚ ਆਮ ਤੌਰ ਤੇ ਧੋਖਾ ਇਹ ਹੁੰਦਾ ਹੈ ਕਿ ਇਸ ਲੈ ਜਾਂ ਤਾਲ ਦੀਆਂ ਜੋ ਸ਼ਕਲਾਂ, ਸਾਡੇ ਬਜ਼ੁਰਗ ਪਹਿਲਾਂ ਤੋਂ ਹੀ ਨਿਸਚਿਤ ਕਰ ਗਏ ਹਨ, ਉਹਨਾਂ ਤੋਂ ਲਾਂਭੇ ਜਾਣਾ ਠੀਕ ਨਹੀਂ। ਇਸ ਦੇ ਨਾਲ ਹੀ ਇਹ ਵੀ ਕਲਪਿਤ ਕਰ ਲਿਆ ਗਿਆ ਹੈ ਕਿ ਇਸ ਤੋਂ ਬਿਨਾਂ ਕਿਸੇ ਹੋਰਸ ਲੈ ਜਾਂ ਆਵਾਜ਼ਾਂ ਦੀ ਸਿਰਜਣਾ ਸੰਭਵ ਹੀ ਨਹੀਂ। ਇਹ ਗੱਲ ਸਹੀ ਨਹੀਂ ਹੈ। ਅਸਲ ਵਿਚ ਹਰ ਭਾਸ਼ਾ ਦੀ ਨਿਤਾ-ਪ੍ਰਤੀ ਬੋਲ ਚਾਲ ਦਾ ਆਪਣਾ



ਵਿਸ਼ੇਸ਼ ਤੇ ਕਿਸੇ ਹੱਦ ਤੀਕ ਖਿਲਰਵਾਂ ਹੋਇਆ ਆਵਾਜ਼-ਪ੍ਰਬੰਧ ਹੁੰਦਾ ਹੈ, ਜਿਸ ਉੱਤੇ ਜੇ ਪੂਰਾ ਧਿਆਨ ਦਿੱਤਾ ਜਾਵੇ ਤਾਂ ਇਸ ਨਾਲ ਕਈ ਤਰ੍ਹਾਂ ਦੇ ਸੰਗੀਤਕ ਖਾਕੇ ਤਿਆਰ ਕੀਤੇ ਜਾ ਸਕਦੇ ਹਨ। ਲੋਕ-ਗੀਤ ਤਾਂ ਖ਼ੈਰ ਬਹੁਤ ਸਪੱਸ਼ਟ ਚੀਜ਼ ਹਨ। ਪਰ ਜੇ ਤੁਸੀਂ ਕਿਸੇ ਬੁੱਢੇ ਸ਼ਹਿਰੀ ਜਾਂ ਪੇਂਡੂ ਕਥਾ-ਕਾਰ ਤੋਂ ਕੋਈ ਪੁਰਾਣਾ ਕਿੱਸਾ ਸੁਣੋ ਤਾਂ ਉਸ ਦੀ ਵਾਰਤਿਕ ਵਿਚ ਵੀ ਤੁਹਾਨੂੰ ਇਸ ਜ਼ੁਬਾਨ ਦਾ ਤਾਲ ਮਿਲੇਗਾ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਆਪਣੀ ਭਾਸ਼ਾ ਵਿਚ ਇਸ ਦੇ ਕੁਦਰਤੀ ਤਾਲ ਤੇ ਸੰਗੀਤਕ ਲੈ ਦੀਆਂ ਸੰਭਾਵਨਾਵਾਂ ਲੱਭ ਕੇ ਆਪਣੇ ਸ਼ਿਅਰ ਦੀ ਲੈ ਉਸ ਦੇ ਨਿਕਟ ਲਿਆਂਦੀ ਜਾਵੇ।

"ਪਰ ਅਸੀਂ ਆਮ ਤੌਰ ਤੇ ਇੰਝ ਨਹੀਂ ਕਰਦੇ। ਮਿਸਾਲ ਵਜੋਂ ਤੁਸੀਂ ਆਪਣੀ ਉਰਦੂ ਜ਼ੁਬਾਨ ਜਾਂ ਮੇਰੀ ਤੁਰਕੀ ਭਾਸ਼ਾ ਦੀ ਮਿਸਾਲ ਲੈ ਲਵੋ। ਇਹਨਾਂ ਭਾਸ਼ਾਵਾਂ ਦਾ ਆਪਣਾ ਲਹਿਜਾ ਤੇ ਲੈ ਤਾਂ ਕੁਝ ਹੋਰ ਹੈ, ਪਰ ਸ਼ਿਅਰ ਵਿਚ ਪੈਰਵੀ ਸਾਰੇ ਹੀ ਅਰਬੀ ਅਰੂਜ਼ ਦੀ ਕਰਦੇ ਹਨ। ਇਹ ਕਿਉਂ ਭਈ? ਇਹ ਪੁਰਾਣੇ ਵਜ਼ਨ ਤੇ ਬਹਿਰਾਂ ਅਰਬਾਂ ਨੇ ਆਪਣੀ ਭਾਸ਼ਾ ਆਪਣੀ ਬੋਲ-ਚਾਲ, ਆਪਣੇ ਗੀਤਾਂ ਤੇ ਨਗਮਿਆਂ ਤੋਂ ਪ੍ਰਾਪਤ ਕੀਤੀਆਂ ਸਨ ਦੇ ਇਹ ਵੀ ਤੁਸਾਂ ਕਿਤਾਬਾਂ ਵਿਚ ਪੜ੍ਹਿਆ ਹੋਵੇਗਾ ਕਿ ਇਹਨਾਂ ਦੀ ਲੈ ਦਾ ਅਸਲ ਸੋਮਾ ਊਠ ਦੀ ਚਾਲ ਦਾ ਰਿਦਮ ਹੈ। ਤਾਂ ਫਿਰ ਅਸੀਂ ਅਰਬੀ ਲਕੀਰ ਦੇ ਫਕੀਰ ਕਿਉਂ ਬਣੇ ਬੈਠੇ ਹਾਂ" ?

ਉਂਝ ਆਪਣੀ ਆਪਣੀ ਜ਼ਰੂਰਤ ਤੇ ਆਪਣੇ ਆਪਣੇ ਸੁਭਾਅ ਦੇ ਅਨੁਸਾਰ ਪੁਰਾਣੇ ਕਵੀਆਂ ਨੇ ਅਰਬੀ ਬਹਿਰਾਂ ਵਿਚ ਸੋਧ ਤੇ ਵਾਧੇ, ਘਾਟੇ ਕੀਤੇ ਹਨ, ਜੋ ਸਭ ਨੇ ਪ੍ਰਵਾਨ ਵੀ ਕਰ ਲਏ ਹਨ, ਪਰ ਅਰੂਜ਼ ਦੇ ਬੁਨਿਆਦੀ ਢਾਂਚੇ ਤੋਂ ਸਵਤੰਤਰ ਹੋਣ ਦੀ ਹਿੰਮਤ ਕਿਸੇ ਦੀ ਨਹੀਂ ਹੋਈ। ਤੇ ਫਿਰ ਜਦੋਂ ਮੈਂ ਸ਼ਿਅਰ ਕਹਿਣਾ ਸ਼ੁਰੂ ਕੀਤਾ ਤਾਂ ਸਭ ਤੋਂ ਪਹਿਲਾਂ ਏਹੋ ਸਮੱਸਿਆ ਸਾਹਮਣੇ ਆਈ ਤੇ ਜਦ ਤੋਂ ਮੈਂ ਕੋਸ਼ਿਸ਼ ਸ਼ੁਰੂ ਕੀਤੀ ਕਿ ਸ਼ਿਅਰ ਵਿਚ ਅਰੂਜ਼ ਦੇ ਟਾਕਰੇ ਤੇ ਕੋਈ ਹੋਰ ਤਾਲ ਪੈਦਾ ਕਰਨ ਦੀ ਸੂਰਤ ਪੈਦਾ ਕੀਤੀ ਜਾਵੇ। ਫਿਰ ਹੌਲੀ ਹੌਲੀ ਮੈਂ ਅਰੂਜ਼ ਦਾ ਆਸਰਾ ਲੈਣਾ ਤਿਆਗ ਦਿੱਤਾ। ਨਤੀਜਾ ਇਹ ਹੈ ਕਿ ਹੁਣ ਬਹੁਤ ਸਾਰੇ ਆਧੁਨਿਕ ਸ਼ਾਇਰ ਏਸੇ ਤਰ੍ਹਾਂ ਹੀ ਲਿਖਣ ਲੱਗ ਪਏ ਹਨ।"

ਇਸ ਵਿਸ਼ੇ ਤੇ ਸਾਡੀ ਕਈ ਵਾਰ ਵਾਰਤਾਲਾਪ ਹੋਈ ਤੇ ਕਈ ਨਜ਼ਮਾਂ ਜੋ ਮੈਂ ਮਾਸਕੋ ਵਿਚ ਲਿਖੀਆਂ ਸੀ, ਇਹਨਾਂ ਹੀ ਮੁਲਾਕਾਤਾਂ ਤੋਂ ਪ੍ਰਭਾਵਤ ਹਨ।

ਨਾਜ਼ਿਮ ਕਹਿੰਦਾ ਸੀ, "ਮੇਰੀਆਂ ਗੱਲਾਂ ਤੋਂ ਇਹ ਨਾ ਸਮਝ ਲੈਣਾ ਕਿ ਮੈਂ ਸ਼ਿਅਰ ਤੇ ਸਾਹਿਤ ਦੀ ਪੁਰਾਣੀ ਰਵਾਇਤ ਦੇ ਵਿਰੁਧ ਹਾਂ, ਜਾਂ ਇਸ ਨਾਲੋਂ ਬਿਲਕੁਲ ਨਾਤਾ ਤੋੜਨ ਦਾ ਸਮਰਥਕ ਹਾਂ। ਸਗੋਂ ਜੇ ਗਹੁ ਨਾਲ ਵੇਖੋ ਤਾਂ ਗੱਲ ਇਸ ਦੇ ਉਲਟ ਹੈ। ਇਹ ਇਸ ਤਰ੍ਹਾਂ ਕਿ ਸਾਡੀ ਰਵਾਇਤ ਦਾ ਅਸਲੀ ਸੋਮਾ ਤਾਂ ਪੁਰਾਣਾ ਲੋਕ-ਸਾਹਿਤ ਹੈ, ਲੋਕ-ਗੀਤ ਹਨ, ਲੋਕ-ਕਥਾਵਾਂ ਹਨ, ਜੰਗ ਬਾਰੇ ਰਚਨਾਵਾਂ ਹਨ। ਕਲਾਸਕੀ ਪ੍ਰਗਟਾ—ਢੰਗ ਅਤੇ ਅਰੂਜ਼ ਦੀ ਪਾਬੰਦੀ ਦਾ ਸਮਾਂ ਤਾਂ ਬਾਅਦ ਵਿਚ ਆਇਆ। ਅਤੇ ਇਸ ਤਬਦੀਲੀ ਦਾ ਕਾਰਨ ਸਿਰਫ ਕਾਵਿਆਨਾ ਜਾਂ ਸਾਹਿਤਕ ਪ੍ਰਯੋਗ ਦੀ ਲਹਿਰ ਨਹੀਂ ਸੀ ਸਗੋਂ ਬੁਨਿਆਦੀ ਕਾਰਨ ਤਾਂ ਸਭਿਆਚਾਰ ਦਾ ਪ੍ਰਬੰਧ ਤੇ ਰਹਿਣ-ਸਹਿਣ ਦੇ ਤੌਰ-ਤਰੀਕਿਆਂ ਦਾ ਪ੍ਰੀਵਰਨ ਸੀ। ਅਰਥਾਤ, ਪੁਰਾਣੇ ਖ਼ੁਦ-ਮੁਖਤਾਰ, ਸਵੈ-ਨਿਰਭਰ,

ਕਬਾਇਲੀ ਨਿਜ਼ਾਮ ਦੀ ਥਾਂ, ਬਾਦਸ਼ਾਹੀ, ਨਵਾਬੀ ਜਾਂ ਜਾਗੀਰਦਾਰੀ ਪ੍ਰਬੰਧ ਨੇ ਲੈ ਲਈ ਸੀ। ਇਹ ਜ਼ਿਆਦਾ ਤਰੱਕੀ ਵਾਲੇ ਪ੍ਰਬੰਧ ਦੇ ਟਾਕਰੇ ਤੇ ਜ਼ਿਆਦਾ ਤਰੱਕੀ ਵਾਲੀ ਸਭਿਅਤਾ ਪੈਦਾ ਕੀਤੀ ਤੇ ਸ਼ਿਅਰ ਤੇ ਸਾਹਿਤ ਨੂੰ ਵੀ ਏਸੇ ਹੀ ਸੱਚੇ ਵਿਚ ਢਾਲ ਲਿਆ। ਇਸ ਪਿਛੋਂ ਹੋਇਆ ਇਹ ਕਿ ਸਾਡੇ ਪੂਰਬੀ ਦੇਸ਼ਾਂ ਵਿਚ ਸਦੀਆਂ ਤੀਕ ਏਹੋ ਪ੍ਰਬੰਧ ਪੱਥਰ ਬਣ ਕੇ ਰਹਿ ਗਿਆ ਤੇ ਏਸੇ ਦੇ ਨਤੀਜੇ ਵਜੋਂ ਅਸਾਂ ਆਪਣੇ ਸਿਅਰ ਨੂੰ ਪੁਰਾਤਨ-ਪੰਥੀ ਬਣਾਈ ਰੱਖਿਆ। ਸ਼ਿਅਰ ਤੇ ਸਾਹਿਤ, ਰਾਜਨੀਤੀ ਤੇ ਸਭਿਆਚਾਰ ਵਿਚ ਵੀ।

ਪਰ ਹੁਣ ਇਹ ਸਮਾਂ ਲੰਘ ਚੁੱਕਾ ਹੈ। ਇਨਸਾਨੀ ਦੁਨੀਆਂ ਦਸਤਕਾਰੀ ਦੌਰ ਵਿਚ ਪ੍ਰਵੇਸ਼ ਕਰ ਚੁੱਕੀ ਹੈ। ਜ਼ਿੰਦਗੀ ਦੀ ਲੈ ਬਦਲ ਗਈ ਹੈ। ਮਨ-ਪ੍ਰਚਾਵੇ ਦੇ ਢੰਗ-ਤਰੀਕੇ ਬਦਲ ਗਏ। ਮਨੁੱਖੀ ਰਿਸ਼ਤਿਆਂ ਦੀਆਂ ਸ਼ਕਲਾਂ ਵੱਖੋ-ਵੱਖ ਰੂਪ ਧਾਰ ਗਈਆਂ ਹਨ। ਸਪੱਸ਼ਟ ਹੈ ਕਿ ਇਸ ਯੁੱਗ ਵਿਚ ਸਭਿਆਚਾਰਕ ਤੇ ਸਮਾਜਿਕ ਮਨੁੱਖੀ ਤਜਰਬਿਆਂ ਦੀ ਰੂਪ-ਰੇਖਾ ਤੇ ਸੁਭਾਅ ਵੀ ਪਿਛਲੇ ਯੁੱਗ ਨਾਲੋਂ ਬਿਲਕੁਲ ਵੱਖਰੇ ਨੇ ਤੇ ਇਹ ਵੀ ਸਾਫ਼ ਹੈ ਕਿ ਇਸ ਦੇ ਅਨੁਸਾਰ ਢੁਕਵੇਂ ਪ੍ਰਗਟਾ-ਢੰਗ ਦੇ ਵਾਸਤੇ ਨਵੀਆਂ ਸ਼ਕਲਾਂ ਤੇ ਨਵੇਂ ਸੱਚਿਆਂ ਦੀ ਲੋੜ ਪਵੇਗੀ। ਵਿਚਾਰਧਾਰਕ ਤੌਰ ਤੇ ਲੋਕੀਂ ਇਹ ਸਭ ਗੱਲਾਂ ਪ੍ਰਵਾਨ ਕਰਦੇ ਹਨ। ਪਰ ਅਮਲੀ ਤੌਰ ਤੇ ਗੱਲ ਜਿੱਥੇ ਆ ਕੇ ਅਟਕ ਜਾਂਦੀ ਹੈ, ਉਹ ਦਿਮਾਗ਼ੀ ਜਾਂ ਵਿਚਾਰਧਾਰਕ ਮਸਲਾ ਨਹੀਂ, ਕਲਾਤਮਿਕ ਜਾਂ ਮਨੋਵਿਗਿਆਨ ਸਮੱਸਿਆ ਹੈ ਅਰਥਾਤ ਸਿਰਫ਼ ਯਥਾਰਥ ਦਾ ਪ੍ਰਗਟਾਵਾ ਹੀ ਕਾਫ਼ੀ ਨਹੀਂ, ਇਸ ਪ੍ਰਗਟਾਵੇ ਵਿਚ ਸੌਂਦਰਯ-ਸਿਰਜਣਾ ਵੀ ਜਰੂਰੀ ਹੈ।

ਸ਼ੁਰੂ ਸ਼ੁਰੂ ਵਿਚ ਇਸ ਸਮੱਸਿਆ ਦੀ ਗੁੰਝਲਦਾਰੀ ਦਾ ਮੈਨੂੰ ਵੀ ਪੂਰੀ ਤਰ੍ਹਾਂ ਅਨੁਭਵ ਨਹੀਂ ਸੀ। ਪਰ ਹੁਣ ਮੈਂ ਸਮਝਦਾ ਹਾਂ ਕਿ ਮੇਰੀ ਆਰੰਭਕ ਸ਼ਾਇਰੀ ਜੋ ਵਧੇਰੇ ਕਰਕੇ ਰਾਜਸੀ ਤੇ ਜਲਸੇ ਜ਼ਲੂਸ ਦੀ ਸ਼ਾਇਰੀ ਹੈ, ਬਿਲਕੁਲ ਇਕ-ਪਾਸੜ ਜਾਂ ਇਕ-ਪਰਤੀ ਸ਼ਾਇਰੀ ਹੈ, ਜਿਹੜੀ ਕਿ ਵਕਤੀ ਜਾਂ ਹੰਗਾਮੀ ਤੌਰ ਤੇ ਫ਼ਾਇਦੇਮੰਦ ਵੀ ਹੁੰਦੀ ਹੈ ਤੇ ਪ੍ਰਭਾਵਸ਼ਾਲੀ ਵੀ, ਪਰ ਜਿਸ ਦੇ ਰੂਪ ਤੇ ਨਿਭਾ ਵਿਚ ਕਿਸੇ ਇਨਸਾਨੀ ਤਜਰਬੇ ਦੀ ਡੂੰਘਾਈ ਅਤੇ ਕੋਮਲਤਾ ਦਾ ਅਕਸ ਨਹੀਂ ਹੁੰਦਾ।

"ਰਵਾਇਤ, ਰੂਪ ਤੇ ਵਿਸ਼ਾ-ਵਸ਼ਤੂ ਦੇ ਵੱਖਰੇ-ਵੱਖਰੇ ਖਾਨੇ ਨਹੀਂ ਬਣਾਏ ਜਾ ਸਕਦੇ। ਮਿਸਾਲ ਵਜੋਂ ਵਿਸ਼ੇ ਦੀਆਂ ਲੋੜਾਂ ਦੇ ਅਨੁਕੂਲ ਹੀ ਮੈਂ ਪਾਬੰਦ ਸ਼ਾਇਰੀ ਵੀ ਕੀਤੀ ਹੈ, ਸਗੋਂ ਜੇ ਪੁਰਾਣੇ ਜ਼ਮਾਨੇ ਦੀ ਕਿਸੇ ਲੋਕ-ਗਾਥਾ ਨੂੰ ਕਵਿਤਾ ਵਿਚ ਬੰਨ੍ਹਿਆ ਹੈ ਤਾਂ ਉਸ ਜ਼ਮਾਨੇ ਦਾ ਠੀਕ ਵਾਤਾਵਰਨ ਪੈਦਾ ਕਰਨ ਲਈ ਪੁਰਾਣੀ ਤੇ ਤਿਆਗੀ ਹੋਈ ਭਾਸ਼ਾ ਦੀ ਵਰਤੋਂ ਵੀ ਕੀਤੀ ਹੈ ਤੇ ਉਸ ਇਲਾਕੇ ਦੀਆਂ ਲੋਕ-ਧੁਨਾਂ ਤੋਂ ਵੀ ਲਾਭ ਉਠਾਇਆ ਹੈ। ਰੂਪ ਦੇ ਬਾਰੇ ਮੈਂ ਪਹਿਲਾਂ ਵੀ ਕਿਸੇ ਨੂੰ ਆਖਿਆ ਸੀ ਕਿ ਇਸ ਦੀ ਸੂਰਤ ਤਾਂ ਕਿਸੇ ਸੁੰਦਰੀ ਦੀਆਂ ਲੱਤਾਂ ਤੇ ਰੇਸ਼ਮੀ ਜੁਰਾਬ ਜੇਹੀ ਹੈ, ਜੋ ਲੱਤਾਂ ਦੇ ਹੁਸਨ ਨੂੰ ਤਾਂ ਵਧਾਵੇ, ਪਰ ਖ਼ੁਦ ਜ਼ਿਆਦਾ ਪ੍ਰਗਟ ਹੁੰਦੀ ਨਜ਼ਰ ਨਾ ਆਵੇ।

ਇਸ ਗੱਲ ਤੇ ਮੈਂ ਹਸਰਤ ਮੋਹਾਨੀ ਦਾ ਸ਼ਿਅਰ ਸੁਣਾਇਆ ਤੇ ਦਾਦ ਲਈ :

ਰੰਗੇ-ਕਬਾ ਸੇ ਮਿਲ ਗਈ ਖ਼ੂਬੀ-ਏ ਜਿਸਮ ਨਾਜ਼ਨੀਂ।
ਔਰ ਭੀ ਸ਼ੋਖ਼ ਹੋ ਗਿਆ ਰੰਗ ਤਿਰੇ ਲਿਬਾਸ ਕਾ।

ਆਪਣੀਆਂ ਗੱਲਾਂ ਦੇ ਪ੍ਰਮਾਣ ਵਜੋਂ ਉਹ ਕਦੇ ਕਦੇ ਆਪਣੀਆਂ ਨਜ਼ਮਾਂ ਵੀ ਸੁਣਾਉਂਦੇ ਰਹੇ।

("ਮਹਿ-ਵ-ਸਾਲ ਆਸ਼ਨਾਈ" ਪੁਸਤਕ 'ਚੋਂ)





## ਨਾਜ਼ਿਮ ਹਿਕਮਤ ਤੇ ਸੁਹਜ-ਸ਼ਾਸਤਰ

—ਅਜ਼ੀਜ਼ ਚਿਲੇਸ਼ਲਰ—(ਤੁਰਕੀ)

ਸੰਸਾਰ ਦੇ ਇਤਿਹਾਸ ਵਿਚ, ਮਹਾਨ ਕਲਾਕਾਰਾਂ ਨੇ ਸੁਹਜ-ਸ਼ਾਸਤਰ ਅਥਵਾ ਕਲਾ ਦੇ ਆਮ ਸਿਧਾਂਤਾਂ ਨੂੰ, ਆਪਣੀਆਂ ਕਲਾਤਮਿਕ ਰਚਨਾਵਾਂ ਨਾਲ ਹੀ ਨਹੀਂ, ਸਗੋਂ ਕਲਾ ਪ੍ਰਤੀ ਆਪਣੀਆਂ ਵਿਸ਼ੇਸ਼ ਸਾਹਿਤਕ ਪਹੁੰਚਾਂ ਰਾਹੀਂ ਵੀ ਵਿਕਸਿਤ ਕੀਤਾ ਹੈ।

ਦਿਦਰੋਤ, ਲੈਸਿੰਗ, ਸ਼ਿਲਰ, ਗੇਟੇ, ਟਾਲਸਟਾਏ, ਗੋਰਕੀ ਬ੍ਰੈਖ਼ਤ ਵਰਗੇ ਲੇਖਕਾਂ ਦਾ ਸੁਹਜ-ਸ਼ਾਸਤਰ ਦੇ ਇਤਿਹਾਸ ਵਿਚ ਵਿਸ਼ੇਸ਼ ਥਾਂ ਹੈ। ਇਹ ਸਥਾਨ ਉਹਨਾਂ ਦੀਆਂ ਆਪਣੀਆਂ ਲਿਖਤਾਂ ਕਾਰਨ ਹੀ ਨਹੀਂ, ਸਗੋਂ ਉਹਨਾਂ ਦੇ ਕਲਾਤਮਿਕ ਸੰਕਲਪਾਂ ਕਾਰਨ ਵੀ ਹੈ। ਸ਼ਾਇਦ ਇਹ ਗੱਲ ਇਸ ਤੱਥ ਦਾ ਨਤੀਜਾ ਹੈ ਕਿ ਕਲਾਕਾਰ, ਜਿਹੜੇ ਕਲਾਪ੍ਰਤੀ ਨਵੀਂ ਪਹੁੰਚ ਨੂੰ ਵਿਕਸਿਤ ਕਰਦੇ ਨੇ, ਉਹ ਇਸ ਨਵੀਂ ਪਹੁੰਚ ਦਾ ਸਿਧਾਂਤਕ ਆਧਾਰ ਵੀ ਲੱਭਣ ਦਾ ਯਤਨ ਕਰਦੇ ਹਨ।

ਨਿਰਸੰਦੇਹ, ਇਹ ਵੀ ਸੱਚ ਹੈ ਕਿ ਮਹਾਨ ਕਲਾਕਾਰ ਜਿਹੜੇ ਕਲਾ ਦੇ ਬਿਲਕੁਲ ਨਵੇਂ ਨਿਯਮ ਲੱਭਦੇ ਹਨ ਤੇ ਇਹਨਾਂ ਨਿਯਮਾਂ ਦੇ ਪ੍ਰਗਟਾਵੇ ਲਈ ਰਚਨਾਵਾਂ ਕਰਦੇ ਹਨ, ਇਹਨਾਂ ਨੂੰ ਸੰਕੇਤ ਦੇ ਵਿਸ਼ਾਲ ਅਰਥਾਂ ਵਿਚ ਸੁਹਜ-ਸ਼ਾਸਤਰੀ ਆਖਿਆ ਜਾ ਸਕਦਾ ਹੈ।

ਅਸੀਂ ਨਾਜ਼ਿਸ਼ ਹਿਕਮਤ ਨੂੰ ਇਸ ਭਾਂਤ ਦਾ ਕਲਾਕਾਰ ਸਮਝ ਸਕਦੇ ਹਾਂ। ਅਰਥਾਤ ਨਾਜ਼ਿਮ ਹਿਕਮਤ ਨੇ ਕਲਾ ਦੇ ਬਿਲਕੁਲ ਹੀ ਨਵੇਂ ਸਿਧਾਂਤ ਸਥਾਪਤ ਕੀਤੇ, ਜਿਵੇਂ ਕਿ ਪਾਠਕ ਉਸ ਦੀਆਂ ਲਿਖਤਾਂ 'ਚੋਂ ਨੋਟ ਕਰ ਸਕਦਾ ਹੈ। ਏਸੇ ਪ੍ਰਕਾਰ ਉਸ ਨੇ ਕਲਾ ਬਾਰੇ, ਉਸਦੀ ਪ੍ਰਕਿਰਤੀ ਤੇ ਵਿਕਾਸ ਬਾਰੇ ਮਹੱਤਵ ਪੂਰਨ ਵਿਚਾਰ ਪ੍ਰਗਟਾਏ ਹਨ।

ਦੂਸਰੇ ਪਾਸੇ, ਆਪਣੀਆਂ ਕਲਾਤਮਿਕ ਯੋਗਤਾਵਾਂ ਨੂੰ ਕਲਾ ਦੀਆਂ ਸਭ ਸ਼ਾਖਾਵਾਂ ਜਿਸ ਵਿਚ ਕਵਿਤਾ, ਥੀਏਟਰ, ਸਿਨੇਮਾ, ਚਿਤਰਕਾਰੀ ਬੈਲੇ ਤੇ ਉਪਯੋਗੀ ਕਲਾਵਾਂ ਸ਼ਾਮਿਲ ਨੇ, ਵਿਚ ਲਾਗੂ ਕਰਦੇ ਹੋਏ, ਨਾਜ਼ਿਮ ਹਿਕਮਤ ਨੇ ਸੁਹਜ-ਸ਼ਾਸਟਰ ਦੇ ਖੇਤਰ ਵਿਚ ਜ਼ੋਰਦਾਰ ਢੰਗ ਨਾਲ ਖੁੱਭਿਆ ਵੇਖਿਆ। ਏਸੇ ਵਿਚ ਹੀ, ਸਾਨੂੰ ਨਾਜ਼ਿਮ ਹਿਕਮਤ ਦਾ ਅਸਾਧਾਰਨ ਕੇਸ ਸਮਝ ਆ ਸਕਦਾ ਹੈ। ਮਾਰਕਸ ਤੇ ਏਂਗਲਜ਼ ਦੇ ਸ਼ਬਦਾਂ ਵਿਚ ਜਿਨ੍ਹਾਂ ਕਿਹਾ ਸੀ ਕਿ ਪੁਨਰ-ਜਾਗ੍ਰਿਤੀ ਦੀ ਲਹਿਰ ਨੂੰ ਦੇਵ-ਕਦ ਕਲਾਕਾਰਾਂ ਦੀ ਲੋੜ ਸੀ ਤੇ ਇਸ ਨੇ ਇਹ ਪੈਦਾ ਵੀ ਕੀਤੇ। ਏਸੇ ਪ੍ਰਕਾਰ ਮਨੁਖਤਾ ਦੇ ਇਤਿਹਾਸ ਵਿਚ ਸਭ ਤੋਂ ਵੱਧ ਪ੍ਰਗਤੀ ਸ਼ੀਲ ਕਰਾਂਤੀ ਨੂੰ, ਜਿਹੜੀ ਵੀਹਵੀਂ ਸਦੀ ਦੇ ਆਰੰਭ ਵਿਚ ਵਾਪਰੀ ਸੀ, ਮਹਾਨ ਕੱਦ-ਕਾਠ ਵਾਲੇ ਮਨੁੱਖਾਂ ਦੀ ਲੋੜ ਸੀ, ਤੇ ਇਸ ਨੇ ਨਾਜ਼ਿਮ ਹਿਕਮਤ, ਬ੍ਰੈਖ਼ਤ ਨੇਰੂਦਾ, ਅਰਾਗਾਓ ਤੇ ਹੋਰ ਉਹ ਲੇਖਕ ਪੈਦਾ ਕੀਤੇ ਜਿਹੜੇ ਕਿ ਕਰਾਂਤੀਕਾਰੀਆਂ ਦੀ ਨਵੀਂ ਪੀੜ੍ਹੀ ਦੇ ਪ੍ਰਤੀਨਿਧ ਹਨ।

ਇਸ ਲਈ ਨਾਜ਼ਿਮ ਹਿਕਮਤ ਦੀ ਇਹ ਸਰਬੰਗਤਾ ਇਕ ਪਾਸੇ, ਉਸ ਦੇ ਆਪਣੇ ਯੁੱਗ ਦੇ ਸੰਘਰਸ਼ ਵਿਚ ਸ਼ਾਮਿਲ ਹੋਣ ਦਾ ਸਿੱਟਾ ਹੈ ਤਾਂ ਦੂਸਰੇ ਪਾਸੇ ਕਈ ਢੰਗਾਂ ਨਾਲ ਇਕ ਨਵੀਂ ਕਲਾਤਮਿਕ ਵਿਧੀ ਰਾਹੀਂ ਸੰਸਾਰ ਨੂੰ ਸਮਝਣ ਦੇ ਉਸ ਦੇ ਸੰਘਰਸ਼ ਨਾਲ ਜੁੜੀ ਹੋਈ ਹੈ।

ਭਾਵੇਂ ਕਿ ਨਾਜ਼ਿਮ ਹਿਕਮਤ ਨੇ ਕਵਿਤਾ ਜਾਂ ਕਲਾ ਬਾਰੇ ਤੇ ਖ਼ਾਸ ਕਰਕੇ ਸਾਹਿਤ ਬਾਰੇ ਕੋਈ ਪੁਸਤਕ ਨਹੀਂ ਲਿਖੀ, ਪਰ ਜੇ ਪਾਠਕ ਉਸ ਦੀਆਂ ਸਮੁੱਚੀਆਂ ਲਿਖਤਾਂ, ਅਰਥਾਤ, ਜਿਵੇਂ

ਜੇਲ੍ਹ ਚੋਂ ਕੋਮਲ ਤਾਹੀਰ ਨੂੰ ਲਿਖੇ ਜੇਲ੍ਹ-ਪੱਤਰ', 'ਆਪਣੇ ਪਿਆਰੇ ਪੁੱਤਰ ਮਹਿਮਤ ਨੂੰ ਲਿਖੇ ਖ਼ਤ' ਜਾਂ ਕੁੱਤੇ ਭੌਂਕਦੇ ਹਨ, ਕਾਫਲੇ ਚੱਲਦੇ ਹਨ' ਤੇ ਏਸੇ ਹੀ ਤਰ੍ਹਾਂ ਉਸਦੀਆਂ ਹੋਰ ਸਾਹਿਤਕ ਲਿਖਤਾਂ ਨੂੰ ਵੇਖੋ ਤਾਂ ਉਹ ਅਨੁਭਵ ਕਰੇਗਾ ਕਿ ਸਾਡੀ ਸਦੀ ਦੇ ਇਸ ਮਹਾਨ ਕਵੀ ਤੇ ਸਾਹਿਤਕਾਰ ਦੀ ਨਿਰ-ਸੰਦੇਹ ਸੁਹਜ-ਸ਼ਾਸਤਰ ਦੇ ਇਤਿਹਾਸ ਤੇ ਕਲਾ ਦੇ ਆਮ ਸਿਧਾਂਤ ਦੇ ਖੇਤਰ ਵਿਚ ਸਤਿਕਾਰ ਯੋਗ ਥਾਂ ਬਣਦੀ ਹੈ।

ਏਸੇ ਕਾਰਨ ਹੀ ਅਸੀਂ ਫ਼ਖ਼ਰ ਨਾਲ ਕਹਿੰਦੇ ਹਾਂ ਕਿ ਨਾਜ਼ਿਮ ਹਿਕਮਤ ਉਹ ਵਿਅਕਤੀ ਹੈ, ਜਿਸ ਨੇ ਪਹਿਲੀ ਵਾਰ ਤੁਰਕੀ ਵਿਚ, ਕਲਾਤਮਿਤ ਸਿਰਜਣ-ਸ਼ੀਲਤਾ ਨੂੰ ਦਵੰਦਾਤਮਿਕ ਪਦਾਰਥ-ਵਾਦ, ਭਵਿਖ-ਨਕਸ਼ਾ, (Perspective) ਪ੍ਰਦਾਨ ਕੀਤਾ ਤੇ ਉਸ ਨੇ ਕਲਾ ਦੇ ਪਦਾਰਥਵਾਦੀ, ਧਾਰਨਾ ਦੇ ਆਮ ਸਿਧਾਤਾਂ ਦੀ ਸਥਾਪਨਾ ਕੀਤੀ। ਏਸੇ ਕਾਰਨ ਉਹ ਸਮਕਾਲੀ, ਪਦਾਰਥਵਾਦੀ ਸੁਹਜ-ਸ਼ਾਤਰ ਦੇ ਪ੍ਰਭਾਵਸ਼ਾਲੀ ਪ੍ਰਤੀਨਿਧਾਂ ਚੋਂ ਇਕ ਹੈ।

ਇਸ ਵਿਚ ਕੋਈ ਹੈਰਾਨੀ ਨਹੀਂ ਕਿ ਚਿੰਤਨ ਤੇ ਸਿਰਜਣਾ ਦੇ ਖੇਤਰ ਵਿਚ ਨਾਜ਼ਿਮ ਹਿਕਮਤ ਦਾ ਢੰਗ ਅਟੁੱਟ ਤੌਰ ਤੇ ਜੁੜਿਆ ਹੋਇਆ ਹੈ। ਕਿਉਂਕਿ ਦੋਵੇਂ ਖੇਤਰ ਦਵੰਦਾਤਮਿਕਤਾ (Dilecties) ਤੇ ਨਿਰਭਰ ਹਨ, ਦੂਸਰੇ ਸ਼ਬਦਾਂ ਵਿਚ ਨਾਜ਼ਿਮ ਹਿਕਮਤ ਦੇ ਸੁਹਜ-ਸ਼ਾਸ਼ਤਰ ਦੀ ਵਿਧੀ, ਦਵੰਦਾਤਮਿਕਤਾ ਤਰਕ-ਵਿਗਿਆਨ ਦੇ ਸਿਧਾਂਤ ਦੀ ਏਕਤਾ ਤੋਂ ਆਰੰਭ ਹੁੰਦੀ ਹੈ। ਇਸ ਤਰ੍ਹਾਂ ਉਹ ਯਥਾਰਥ ਤੇ ਕਲਾਤਮਿਕ ਸਿਰਜਣਾ ਦੇ ਸਬੰਧ ਨੂੰ, "ਦਵੰਤਾਤਮਿਕ ਪਦਾਰਥਵਾਦ ਨੂੰ ਕੋਮਲ ਕਲਾਵਾਂ ਤੇ ਲਾਗੂ ਕਰਨਾ ਸਮਝਦਾ" ਹੈ ਤੇ ਇਸ ਦੀ ਪ੍ਰੀਭਾਸ਼ਾ ਇੰਝ ਕਰਦਾ ਹੈ, "ਜੀਵਨ ਦਾ ਪ੍ਰਤੀਬਿੰਬਨ ਤੇ ਕਲਾਤਮਿਕ ਰੀਕਾਰਡਿੰਗ, ਜਿਸ ਨੂੰ ਅਸੀਂ ਦਵੰਦਾਤਮਿਕ ਦ੍ਰਿਸ਼ਟੀ ਤੋਂ ਪਰਖਦੇ ਹਾਂ ਤੇ ਜਿਸ ਵਿਚ ਅਸੀਂ ਸਰਗਰਮੀ ਨਾਲ ਭਾਗ ਲੈਂਦੇ ਹਾਂ" ਇਸ ਲਈ, ਨਾਜ਼ਿਮ ਹਿਕਮਤ ਵਾਸਤੇ, "ਕਲਾਕਾਰ ਸਿਰਫ ਪ੍ਰਤੀਬਿੰਬਨ ਹੀ ਨਹੀਂ ਕਰਦਾ, ਸਗੋਂ ਜਿਨ੍ਹਾਂ ਚੀਜਾਂ ਦੀ ਉਹ ਪ੍ਰਤੀ-ਬਿੰਬਨ ਕਰਦਾ ਹੈ, ਉਹਨਾ ਨੂੰ ਤਬਦੀਲ ਕਰਨ ਲਈ ਮਜਬੂਰ ਵੀ ਕਰਦਾ ਹੈ।" ਇਸ ਸੰਕਲਪ ਰਾਹੀਂ ਤੇ ਦਵੰਦਵਾਦੀ ਪਦਾਰਥਵਾਦੀ ਵਿਧੀ ਰਾਹੀਂ ਨਾਜ਼ਿਮ ਹਿਕਮਤ ਬਾਹਰਮੁਖੀ ਤੇ ਅੰਤਰਮੁੱਖੀ ਸਬੰਧ, ਪ੍ਰਤੀਬਿਬਨ, ਸਿਰਜਣਾ. ਜੀਵਨ ਬਧ (Cagnition) ਤੇ ਮੁਲਾਂਕਣ ਆਦਿ ਸੰਕਲਪਾਂ ਨੂੰ, ਜਿਹੜੇ ਕਿ ਸੁਹਜ-ਸ਼ਾਸ਼ਤਰ ਦੇ ਅਧਿਐਨ ਲਈ ਕੇਂਦਰੀ ਮਹੱਤਵ ਰਖਦੇ ਹਨ, ਸੰਬੋਧਨ ਹੁੰਦਾ ਹੈ। ਉਹ ਗਿਆਨ, ਨੈਤਿਕ-ਕਦਰਾਂ ਕੀਮਤਾਂ ਦੇ ਸਿਧਾਂਤ (axiology) ਤੇ ਵਿਧੀ-ਵਿਗਿਆਨ ਦੀ ਇਕਸੁਰ ਏਕਤਾ ਨੂੰ ਸਥਾਪਤ ਕਰਦਾ ਹੈ।

ਨਾਜ਼ਿਮ ਹਿਕਮਤ ਦੇ ਸੁਹਜ-ਸ਼ਾਸ਼ਤਰ ਦਾ ਇਕ ਹੋਰ ਪੱਖ ਉਸ ਦੀ ਇਕ-ਸੁਰ ਅਟੁੱਟ ਪਹੁੰਚ ਵਿਚੋਂ ਪ੍ਰਗਟ ਹੁੰਦਾ ਹੈ। "ਮੇਰੇ ਖਿਆਲ ਵਿਚ ਕਲਾਵਾਂ ਦਰਮਿਆਨ ਚੀਨੀ ਕੰਧਾਂ ਨਹੀਂ ਹਨ" ਉਹ ਕਹਿੰਦਾ ਹੈ, "ਉਹ ਸਭ ਸਮੁੱਚ ਦਾ ਅੰਗ ਹਨ। ਇਸ ਤੋਂ ਇਨਕਾਰ ਕਰਨਾ ਵੱਖ-ਵੱਖ ਵਿਧੀਆ ਰਾਹੀਂ ਯਥਾਰਥ ਨੂੰ ਸਮਝਣ ਲਈ ਦਵੰਦਾਤਮਿਕ ਸਬੰਧਾਂ ਤੋਂ ਇਨਕਾਰੀ ਹੋਣਾ ਹੈ।" ਇਸ ਤਰ੍ਹਾਂ ਨਾਜ਼ਿਮ ਹਿਕਮਤ ਲਈ ਸਭ ਕਲਾਵਾਂ ਦੇ ਸਿਧਾਂਤ ਸਾਂਝੇ ਹਨ, ਜਿਹੜੇ ਉਨ੍ਹਾਂ ਨੂੰ ਇਕ ਦੂਸਰੇ ਨਾਲ ਜੋੜਦੇ ਹਨ ਤੇ ਇਹ ਸਿਧਾਂਤ ਅੰਤਮ ਨਿਰਣੇ ਸਮੇਂ, ਸਮਾਜ ਦੇ ਵਿਕਾਸ ਦੇ ਸਿਧਾਤਾਂ ਤੇ ਨਿਰਭਰ ਕਰਦੇ ਹਨ ਤੇ ਉਹਨਾਂ ਨੂੰ ਪ੍ਰਭਾਵਤ ਵੀ ਕਰਦੇ ਹਨ।

ਇਸ ਲਈ ਜਦੋਂ ਨਾਜ਼ਿਮ ਹਿਕਮਤ ਕਲਾਤਮਿਕ ਸਿਰਜਣਾ ਦੇ ਸਬੰਧ ਵਿਚ ਵਿਧੀ-ਵਿਗਿਆਨ ਨੂੰ ਵਿਚਾਰਦਾ ਹੈ ਤਾਂ ਉਹ ਕਲਾ ਦੀ ਸੁਰੰਚਨਾ ਦੀ ਸਮੱਸਿਆ ਨੂੰ ਵਿਚਾਰ ਅਧੀਨ ਲਿਆਉਂਦਾ ਹੈ ਤੇ ਆਖਦਾ ਹੈ, "ਪ੍ਰਸ਼ਨ ਇਹ ਹੈ ਕਿ ਪ੍ਰਕਿਰਤੀ, ਸਮਾਜ ਤੇ ਜੀਵਨ ਦੀ ਦਵੰਦਾ-



ਮਿਕ" ਲਗਾਤਾਰਤਾ ਨੂੰ ਕਵਿਤਾ ਵਿਚ ਪੇਸ਼ ਕਰਨ ਲਈ, ਸਭ ਤੋਂ ਢੁਕਵਾ ਕਿਹੜਾ ਰੂਪ ਹੋ ਸਕਦਾ ਹੈ। ਸਭ ਤੋਂ ਪਹਿਲਾਂ ਸਾਨੂੰ ਇਹ ਇਕ ਵਿਧੀ-ਵਿਗਿਆਨ (Methodology) ਵਜੋਂ ਪ੍ਰਵਾਨ ਕਰਨਾ ਚਾਹੀਦਾ ਹੈ ਤੇ ਸਾਨੂੰ ਵਿਸ਼ੇ-ਵਸਤੂ ਤੋਂ ਰੂਪ ਵੱਲ ਤੁਰਨਾ ਤੇ ਰੂਪ ਤੋਂ ਵਸਤੂ ਵੱਲ ਤੁਰਨਾ ਚਾਹੀਦਾ ਹੈ। ਵਸਤੂ ਪਹਿਲਾਂ ਆਉਂਦੀ ਹੈ ਤੇ ਰੂਪ ਦੂਜੇ ਨੰਬਰ ਤੇ। ਇਹ ਵਸਤੂ ਹੈ ਜੋ ਰੂਪ ਨੂੰ ਨਿਰਧਾਰਿਤ ਕਰਦਾ ਹੈ। ਨਿਰਸੰਦੇਹ ਇਹ ਵਿਧੀ-ਵਿਗਿਆਨ ਦੇ ਖੇਤਰ ਵਿਚ ਅਸਚਰਜ ਤੌਰ ਤੇ ਠੀਕ ਹੈ, ਨਹੀਂ ਤਾਂ ਰੂਪ ਤੇ ਵਸਤੂ ਮਿਲ ਕੇ ਸਮੁੱਚ ਬਣਦੇ ਹਨ" ਤੇ ਦੋਵੇਂ ਲਗਾਤਾਰ ਇਕ ਦੂਜੇ ਨੂੰ ਪ੍ਰਭਾਵਤ ਕਰਦੇ ਹਨ।

ਜਿਵੇਂ ਨਾਜ਼ਿਮ ਹਿਕਮਤ ਕਲਾ ਦੇ ਖੇਤਰ ਵਿਚ ਜੀਵਨ ਦੀ ਦਵੰਦਾਤਮਿਕ ਏਕਤਾ ਤੇ "ਜੀਵਨ ਵਿਚ ਸਰਗਰਮ ਸਮੂਲੀਅਤ" ਨੂੰ ਵੇਖਦਾ ਤੇ ਅਨੁਭਵ ਕਰਦਾ ਹੈ, ਉਹ ਏਸੇ ਤਰ੍ਹਾਂ ਦੇ ਭਵਿੱਖ-ਨਕਸ਼ ਦੇ ਕਲਾ ਦੇ ਰੂਪ ਤੇ ਵਿਸ਼ੇ ਦੀ ਏਕਤਾ ਨੂੰ ਅਨੁਭਵ ਕਰਦਾ ਹੈ। ਉਹ ਰੂਪ ਨੂੰ ਸੁਸਤ ਤੱਤ ਨਹੀਂ ਸਮਝਦਾ, ਸਗੋਂ ਸਰਗਰਮ ਤੱਤ ਸਵੀਕਾਰ ਕਰਦਾ ਹੈ। ਉਸ ਦੇ ਅਨੁਸਾਰ ਰੂਪ ਦੀ ਵਿਸ਼ੇਸ਼ ਸਿਫਤ, ਕਿਸੇ ਰਚਨਾਤਮਿਕ ਸਿਰਜਣਾ ਵਿਚ, "ਸ਼ੈਲੀ ਦੀ ਅਮੀਰੀ" ਲਿਆਉਣਾ ਹੈ, ਉਸ ਦੇ ਆਪਣੇ ਸ਼ਬਦਾਂ ਵਿਚ. "ਸ਼ੈਲੀ ਤਾ ਹੀ ਸਰਬਾਂਗੀ ਹੈ ਜੇ ਇਹ ਵਿਸ਼ੇ ਨੂੰ ਸਭ ਤੋਂ ਢੁੱਕਵੇਂ ਢੰਗ ਵਿਚ ਪੇਸ਼ ਕਰਨ ਦੇ ਸਮਰਥ ਹੋਵੇ।

ਇਕ ਹੋਰ ਨੁਕਤਾ, ਜਿਸ ਬਾਰੇ ਸਾਨੂੰ ਏਥੇ ਜ਼ੋਰ ਦੇਣਾ ਜ਼ਰੂਰੀ ਹੈ ਕਿ ਵਿਧੀ ਤੇ ਸ਼ੈਲੀ ਨੂੰ ਇਕੋ ਗੱਲ ਨਾ ਸਮਝਿਆ ਜਾਵੇ। ਨਾਜ਼ਿਮ ਹਿਕਮਤ ਅਨੁਸਾਰ, ਅਜੇਹੀ ਵਿਆਖਿਆ ਕਲਾ ਦੇ ਯਥਾਰਥਕ ਵਸਤੂ ਦੇ ਵਿਰੁੱਧ ਹੈ। ਨਾਜ਼ਿਮ ਹਿਕਮਤ ਆਪਣੀ ਸਮਝ ਨੂੰ ਸਪੱਸ਼ਟ ਭਾਂਤ, ਉਸ ਦੀਆਂ ਰਾਜਸੀ ਲੋੜਾਂ ਅਨੁਕੂਲ ਪ੍ਰਗਟ ਕਰਦਾ ਹੈ, ਮਿਸਾਲ ਵਜੋਂ, "ਦੋਵੇਂ ਸੰਕਲਪ (ਸੋਧਵਾਦ ਤੇ ਸੰਕੀਰਣਤਵਾਦ) ਸਮਾਜੀ ਯਥਾਰਥਵਾਦ ਦੇ ਸੰਕਲਪ ਵਿਚੋਂ ਅਸਲੀ ਵਸਤੂ ਨੂੰ, ਵਿਧੀ ਤੇ ਸ਼ੈਲੀ ਨੂੰ ਰਲ ਗੱਡ ਕਰਕੇ ਸਾਰ ਤੱਤ ਤੋਂ ਵਿਹੂਣਾ ਕਰ ਦਿੰਦੇ ਹਨ।

ਫੇਰ ਵੀ, ਜਿੱਥੋਂ ਤੀਕ ਨਾਜ਼ਿਮ ਹਿਕਮਤ ਦਾ ਸਬੰਧ ਹੈ, ਇਹ ਗੱਲ ਸਪੱਸ਼ਟ ਹੈ ਕਿ ਵਿਧੀ ਤੇ ਸ਼ੈਲੀ ਨੂੰ ਇਕ ਚੀਜ਼ ਨਹੀਂ ਸਮਝਣਾ ਚਾਹੀਦਾ, ਤਾਂ ਵੀ, ਯਥਾਰਥਕ ਵਿਧੀ ਨੂੰ ਗੈਰ-ਯਥਾਰਥਕ ਵਿਧੀ ਨਾਲ ਰਲ-ਗੱਡ ਨਾ ਕੀਤਾ ਜਾਵੇ। ਗੈਰ-ਯਥਾਰਥਕ ਵਿਧੀ ਵਸਤੂ ਨੂੰ ਦੂਸਰੀ ਥਾਂ ਦਿੰਦੀ ਹੈ, ਜਿਸ ਦੀ ਵਰਤੋਂ ਸਦਕਾ ਗੱਲ ਰੂਪ-ਵਾਦ ਵਿਚ ਜਾ ਘੁਸਦੀ ਹੈ, ਜਦ ਕਿ ਯਥਾਰਥਵਾਦ, ਕਲਾਵਾਂ ਵਿਚ, ਦਵੰਦਾਤਮਿਕ ਪਦਾਰਥਵਾਦ ਨੂੰ ਬਿਲਕੁਲ ਵੱਖਰੇ ਅਤੇ ਸੁਚੇਤ ਰੂਪ ਵਿਚ ਲਾਗੂ ਕਰਨਾ ਹੈ।

ਦੂਸਰੇ ਪਾਸੇ, ਜਦੋਂ ਨਾਜ਼ਿਮ ਹਿਕਮਤ ਕਿਸੇ ਕਲਾ ਕ੍ਰਿਤੀ ਤੇ ਕਲਾ-ਵਿਧੀ ਦੇ ਆਪਸੀ ਸਬੰਧਾਂ ਦੇ ਪ੍ਰਸ਼ਨ ਨੂੰ ਲੈਂਦਾ ਹੈ, ਉਹ ਉਸ ਨੂੰ ਕਿਸੇ ਹੋਰਸ ਕੋਣ ਤੋਂ ਨਜਿੱਠਦਾ ਹੈ ਤੇ ਦ੍ਰਿੜ ਕਰਦਾ ਹੈ ਕਿ ਕਲਾ ਕ੍ਰਿਤੀ ਦੀ ਰਚਨਾ, ਕਲਾ ਦੀ ਵਸਤੂ ਨਾਲ ਸਬੰਧਤ ਭਾਸ਼ਾ ਦੀਆਂ ਵਿਸ਼ੇਸ਼-ਤਾਈਆਂ ਵੀ ਨਿਰਧਾਰਤ ਕਰਦੀ ਹੈ। ਮਿਸਾਲ ਵਜੋਂ, "ਕੁਝ ਕਿਸਮਾਂ ਦੇ ਵਿਸ਼ੇ ਹੁੰਦੇ ਹਨ, ਜਿਨ੍ਹਾਂ ਨੂੰ ਛੰਦਾ-ਬੰਦੀ ਰਾਹੀਂ ਪ੍ਰਗਟ ਕਰਨ ਦੀ ਲੋੜ ਨਹੀਂ, ਇਹਨਾਂ ਲਈ ਸਾਧਾਰਨ ਭਾਸ਼ਾ ਦੀ ਸ਼ਕਤੀ ਤੇ ਇਕਸੁਰਤਾ ਹੀ ਕਾਫੀ ਹੁੰਦੀਆਂ ਹਨ। ਪਰ ਕੁਝ ਹੋਰਸ ਭਾਂਤ ਦੇ ਵੀ ਵਿਸ਼ੇ ਹਨ, ਜਿਨ੍ਹਾਂ ਵਿਚ ਛੰਦਾ-ਬੰਦੀ ਦੀ ਲੋੜ ਹੈ। ਇਹ ਛੰਦਾ-ਬੰਦੀ ਕਈ ਭਾਂਤ ਦੀ ਹੋ ਸਕਦੀ ਹੈ, ਜਿਨ੍ਹਾਂ ਦੀਆਂ ਕਾਫੀ ਸਭਾਵਨਾਵਾਂ ਹੋਣ, ਤੇ ਕੁਝ ਹੋਰ ਵਸਤੂ ਨੂੰ ਹੋਰ ਜ਼ਿਆਦਾ ਅਮੂਰਤ ਭਾਸ਼ਾ ਦੀ ਲੋੜ ਪੈਂਦੀ ਹੈ।"

ਇਸ ਤਰ੍ਹਾਂ ਦੀ ਪੁਸ਼ਟੀ ਨਾਲ, ਅਰਥਾਤ ਇਹ ਦੱਸ ਕੇ ਕਿ ਕਿਸ ਹੱਦ ਤੀਕ ਕਲਾਤਮਿ ਪ੍ਰਗਟਾਵੇ ਦੇ ਸਾਧਨ, ਕਲਾ ਦੀ ਭਾਸ਼ਾ ਜਾਂ ਇਸ ਦਾ ਚਿੰਨਾਤਮਿਕ ਪੱਖ ਵਸਤੂ ਤੇ ਨਿਰਭਰ ਕਰ ਹੈ, ਨਾਜ਼ਿਮ ਹਿਕਮਿਤ ਨਾ ਸਿਰਫ ਇਹ ਨਿਰਣੈਮਈ ਰੂਪ ਵਿਚ, ਕਲਾ-ਕਿਰਤ ਦੀ ਸੰਗਠਨਾਤਮਿ ਏਕਤਾ ਦੀ ਗੱਲ ਕਰਦਾ ਹੈ, ਸਗੋਂ ਆਪਣੀ ਪ੍ਰਣਾਲੀ-ਬੱਧ ਪਹੁੰਚ ਰਾਹੀਂ ਪਦਾਰਥਵਾਦੀ ਸੁਹ ਸ਼ਾਸਤਰ ਦੀ ਅਮੀਰੀ ਵੀ ਸਿੱਧ ਕਰਦਾ ਹੈ।

ਇਹਨਾਂ ਅਰਥਾਂ ਵਿਚ ਉਹ ਕਲਾ ਦੀ ਇਕ ਹੋਰ ਵਿਸ਼ੇਸ਼ਤਾਈ ਵੱਲ ਧਿਆਨ ਦਿਵਾਉਂ ਹੈ ਤੇ ਇਸ ਦੇ ਚਿੰਨਮਈ ਤੇ ਉਸਾਰੂ ਪੱਖਾਂ ਨਾਲ ਸਬੰਧ ਕਰਦਾ ਹੈ। ਮਿਸਾਲ ਵਜੋਂ, " ਟਾਲਸਟਾਏ ਤੇ ਗੋਰਕੀ ਦੀ ਸ਼ੈਲੀ ਅਸਾਧਾਰਨ ਤੌਰ ਤੇ ਸ਼ਿਲਪਮਈ ਹੈ, ਤਾਂ ਇਸ ਦਾ ਕਾਰ ਉਹਨਾਂ ਦੀ ਮਨੁੱਖਤਾ ਤੇ ਪਾਠਕ ਪ੍ਰਤੀ ਸਤਿਕਾਰ ਹੈ। ਏਸੇ ਕਾਰਨ ਹੀ ਉਹਨਾਂ ਦੀਆਂ ਲਿਖ ਰੌਸ਼ਨੀ ਦਿੰਦੀਆਂ ਹਨ ਤੇ ਲੋਕਾਂ ਨੂੰ ਅਰਪਿਤ ਹਨ। ਮੰਨ ਲਿਆ ਕਿ ਯਥਾਰਥਕ ਸਾਹਿਤ ਜ਼ਰੂਰੀ ਗੁਣ ਇਸ ਦੇ ਪ੍ਰਭਾਵ ਮਈ ਹੋਣ ਵਿਚ ਹਨ, ਜਾਂ ਪਾਠਕ ਨੂੰ ਅਮਲੀ ਜ਼ਿੰਦਗੀ ਵਿ ਹੋਰ ਸਰਗਰਮ ਬਣਾਉਣ ਦੀ ਯੋਗਤਾ ਵਿਚ ਹੈ, ਤਾਂ ਫਿਰ ਉਹ ਕਿਤਾਬ ਜਿਸ ਨੇ ਕੋਈ ਨਿਸ਼ਾਨ ਹੀ ਪ੍ਰਾਪਤ ਨਹੀਂ ਕਰਨਾ, ਜਾਂ ਉਸ ਦਾ ਨਿਸ਼ਾਨਾ ਸੰਦੇਹ ਜਨਕ ਹੈ, ਪੁਸਤਕ ਅਖਵਾਉਣ ਦੇ ਹੱਕਦਾਰ ਨਹੀਂ ਹੈ।" ਇਸ ਲਈ, ਕਿਸੇ ਕਲਾਕਿਰਤ ਦੇ ਸੰਦੇਸ਼ ਤੇ ਉਸ ਦੇ ਸੰਦੇਸ਼ ਦੇ ਮੰਤ ਵਿਚ ਤੇ ਉਸਾਰੂ ਪੱਖ ਵਿਚ ਘਣੇਰਾ ਤੇ ਸਪੱਸ਼ਟ ਸਬੰਧ ਹੈ। ਜੇ ਕਿਸੇ ਕਲਾ ਕਿਰਤ ਦਾ ਸੰਦੇ ਵਧੇਰੇ ਬਹੁ-ਪੱਖੀ ਤੇ ਵੱਧ ਪ੍ਰਗਤੀਸ਼ੀਲ ਹੈ, ਤਾਂ ਇਸ ਦੀ ਸ਼ੈਲੀ ਵੀ ਵੰਨ-ਸਵੰਨੀ, ਵਧੇਰੇ ਸਪੱਸ਼ ਤੇ ਵਧੇਰੇ ਸਾਦਾ ਹੋਵੇਗੀ।

ਸੋ ਇਹ ਗੱਲ ਤਾਂ ਸਪੱਸ਼ਟ ਹੈ ਕਿ ਨਾਜ਼ਿਮ ਹਿਕਮਤ ਵਾਸਤੇ ਕਿਸੇ ਕਲਾ-ਕਿਰਤੀ ਦਾ ਮਹੱਤਵ, ਉਸ ਦੇ ਸਮਾਜਕ ਕਾਰਜ ਕਾਰਨ ਹੈ। ਸਿੱਖਿਆ ਸੂਚਨਾ ਦੇਣ, ਜਾਗ੍ਰਿਤ ਕਰਨ ਤੇ ਲੋਕਾਂ ਦੀ ਅਗਵਾਈ ਕਰਨ ਦੇ ਕਾਰਜ ਵਿਚ। ਅਸਲ ਵਿਚ ਇਹਨਾਂ ਅਰਥਾਂ ਵਿਚ ਕੋਈ ਕਲਾ-ਕਿਰਤ ਦਾ ਨਾਜ਼ਿਮ ਲਈ ਬੜਾ ਮਹੱਤਵ ਹੈ।

"ਕਿਸੇ ਲੇਖਕ ਲਈ ਆਪਣੇ ਲੋਕਾਂ ਆਪਣੇ ਦੇਸ਼ ਲਈ ਮਹਾਨ ਤੇ ਈਮਾਨਦਾਰ ਲਿਖਤਾਂ ਲਿਖਣਾ ਜ਼ਰੂਰੀ ਹੈ, ਲਿਖਤਾਂ ਜੋ ਉਹਨਾਂ ਦਾ ਹੱਕ ਹੈ।"

ਦੂਸਰੇ ਪਾਸੇ, ਨਾਜ਼ਿਮ ਹਿਕਮਤ ਲਈ ਲੋਕਾਂ ਦੀ ਸੇਵਾ ਕਰਨਾ ਤੇ ਇਕ ਖਾਸ ਸੰਸਾਰ ਦ੍ਰਿਸ਼ਟੀ ਕੋਣ ਦੀ ਹਿਮਾਇਤ ਕਰਨਾ, ਇਹ ਦੋਵੇਂ ਚੀਜ਼ਾਂ ਕਿਸੇ ਕਲਾ-ਕਿਰਤ ਵਿਚ ਅੰਤਰ-ਸਬੰਧਤ ਹਨ। ਇਸ ਲਈ ਰਾਸ਼ਟਰੀ ਸ਼੍ਰੇਣੀਆਂ ਤੇ ਤੱਤਾਂ ਦੀਆਂ ਵਿਸ਼ੇਸ਼ਤਾਈਆ ਇਕ ਸਮੁੱਚ ਵਿਚ ਹੀ ਪੇਸ਼ ਹੁੰਦੀਆ ਹਨ। ਜ਼ਰੂਰੀ ਗੱਲ ਇਹ ਹੈ ਕਿ ਕਲਾਕਿਰਤ ਵਿਚ ਸ਼੍ਰੇਣੀਆਂ ਦਾ ਰੋਲ ਨਿਰਧਾਰਤ ਕੀਤਾ ਜਾਵੇ, ਤੇ ਇਸ ਤਰ੍ਹਾਂ ਦੀ ਵਸਤੂ ਨਾ ਸਿਰਫ ਕੌਮੀ ਨਮੂਨਿਆ (Types) ਦੇ ਵਿਸ਼ੇਸ਼ ਲੱਛਣਾਂ 'ਚੋਂ ਉਪਜਦੀ ਵਿਖਾਈ ਜਾਵੇ, ਸਗੋਂ ਇਹ ਸਰਬ-ਵਿਆਪੀ ਲੱਛਣ ਪ੍ਰਾਪਤ ਕਰਨ ਵਿਚ ਵੀ ਸਫਲ ਹੋ ਜਾਵੇ।

"ਹਰ ਦੇਸ਼ ਲਈ ਕੌਮੀ ਨਮੂਨੇ ਹੁੰਦੇ ਹਨ, ਜਿਹੜੇ ਇਤਿਹਾਸਕ ਤੌਰ ਤੇ ਨਿਰਧਾਰਤ ਹੁੰਦੇ ਹਨ। ਮਿਸਾਲ ਵਜੋਂ, ਤੁਰਕੀ ਵਿਚ, ਹਰ ਕਾਲ ਦੇ ਅਨਕੂਲ ਇਕ ਖਾਸ ਨਮੂਨਾ ਜਿਹੜਾ, ਕੌਮ ਤੇ ਲੋਕਾਂ ਦੇ ਨਾਲ ਹੀ ਵਿਗਸਦਾ ਹੈ। ਪਰ ਖਾਸ ਕੌਮਾਂ ਦੇ ਸਭਿਆਚਾਰ ਵਿਚ ਅਸੀਂ ਵੱਖੋ-ਵੱਖਰੇ ਪ੍ਰਭਾਵ ਵੇਖਦੇ ਹਾਂ ਤੇ ਹਰ ਰਾਸ਼ਟਰੀ ਨਮੂਨੇ ਵਿਚ ਇਕ ਜਾਂ ਕਈ ਜਾਂ ਕਈ ਕੌਮਾਂ ਦੇ



ਇਕ ਜਾਂ ਕਈ ਪ੍ਰਭਾਵ ਲੱਭਦੇ ਹਨ। ਤੇ ਏਸੇ ਨਾਲ ਹੀ ਇਸਦਾ ਸਰਬ-ਵਿਆਪੀ ਲੱਛਣ ਬਣਦਾ ਹੈ।"

ਇਸ ਤਰ੍ਹਾਂ ਕਿਸੇ ਕਲਾ-ਕਿਰਤ ਵਿਚ ਸ਼੍ਰੇਣੀ-ਸਮੱਸਿਆਵਾਂ ਜਾਂ ਸਰਬ-ਵਿਆਪੀ ਤੇ ਕੌਮੀ ਲੱਛਣਾਂ ਨੂੰ ਵਿਚਾਰਨ ਵੇਲੇ, ਨਾਜ਼ਿਮ ਹਿਕਮਤ ਕਿਸੇ ਕਲਾਕਾਰ ਦਾ ਸੰਸਾਰ/ਦ੍ਰਿਸ਼ਟੀਕੋਣ ਜੀਵਨ ਵਿਚ ਉਸ ਦੇ ਰੋਲ ਤੇ ਯਥਾਰਥਵਾਦ ਵਿਚ ਉਹਨਾਂ ਦੇ ਮਹੱਤਵ ਨੂੰ ਪੇਸ਼ ਕਰਦਾ ਹੈ।ਉਹ ਅਨੁਭਵ ਕਰਦਾ ਹੈ ਕਿ "ਸੰਸਾਰ ਦੇ ਇਤਿਹਾਸ ਵਿਚ ਕੋਈ ਇਕ ਵੀ ਮਹਾਨ ਲੇਖਕ ਲੱਭਣਾ ਔਖਾ ਹੈ, ਜਿਹੜਾ ਆਪਣੇ ਯੁੱਗ ਦੀਆਂ ਸਮੱਸਿਆਵਾਂ ਪ੍ਰਤੀ ਨਿਰਪੱਖ ਜਾਂ ਚੁੱਪ ਰਿਹਾ ਹੋਵੇ।" "ਇਕ ਕਲਾਕਾਰ, ਬਾਹਰਮੁੱਖੀ ਤੌਰ ਤੇ ਨਿਰਪੱਖ ਰਹਿ ਹੀ ਨਹੀਂ ਸਕਦਾ। ਨਾਲ ਹੀ ਇਕ ਕਲਾਕਾਰ ਨੂੰ ਚੇਤੰਨ ਹੋ ਕੇ ਪੱਖ ਲੈਣਾ ਚਾਹੀਦਾ ਹੈ।"

ਇਹਨਾਂ ਅਰਥਾਂ ਵਿਚ ਨਾਜ਼ਿਮ ਹਿਕਮਤ,ਰਚਨਾਤਮਿਕ ਵਿਧੀ ਤੇ ਵਿਚਾਰਧਾਰਾ ਦੀ ਰੌਸ਼ਨੀ ਵਿਚ ਰੂਪ ਤੇ ਵਸਤੂ ਦਾ ਅਮਲੀ ਸਬੰਧ ਵਿਖਾਉਂਣਾ ਚਾਹੁੰਦਾ ਹੈ। ਇੰਞ ਉਹ ਦ੍ਰਿੜ ਕਰਾਉਂਦਾ ਹੈ ਕਿ ਕਲਾ ਵਿਚ ਸਮਾਜਕ ਯਥਾਰਥਵਾਦ, "ਜਿਹੜਾ ਕਲਾ ਵਿਚ ਭਾਗਦਾਰੀ (Participation) ਪੇਸ਼ ਕਰਦਾ ਹੈ, ਇਹ ਰੂਪ ਦੀ ਸਮੱਸਿਆ ਨਹੀਂ ਸਗੋਂ ਵਸਤੂ ਤੇ ਪ੍ਰੀਪੇਖ (Perspective) ਦੀ ਸਮੱਸਿਆ ਹੈ। ਜੇ ਵਸਤੂ ਸਮਾਜਵਾਦੀ ਹੋਵੇ, ਤਾਂ ਇਹ ਬਹੁਤ ਜ਼ਰੂਰੀ ਨਹੀਂ ਕਿ ਲੱਖਾਂ ਹੀ ਵੱਖਰੇ ਰੂਪ ਗ੍ਰਹਿਣ ਕਰੇ। ਮਨੁੱਖੀ ਅਰਥਾਂ ਵਿਚ ਸਭ ਤੋਂ ਵੱਧ ਮਨੁੱਖਵਾਦੀ, ਮਨੁੱਖੀ ਤੇ ਗੁੰਝਲਦਾਰ ਖਿਆਲ ਵਧੀਆ ਢੰਗ ਨਾਲ ਪ੍ਰਗਟ ਕੀਤੇ ਜਾ ਸਕਦੇ ਹਨ। ਸਿੱਟੇ ਵਜੋਂ ਯਥਾਰਥਵਾਦੀ ਸਮਾਜਕ ਕਲਾ ਕਈ ਗੁੰਝਲਦਾਰ ਰੂਪ ਗ੍ਰਹਿਣ ਕਰਦੀ ਹੈ। ਸਮਾਜਕ ਯਥਾਰਥਵਾਦ ਦਾ ਕੋਈ ਇਕ ਰੂਪ ਜਾਂ ਸ਼ਕਲ ਨਹੀਂ ਹੁੰਦੀ। ਜਿਹੜੀ ਗੱਲ ਮਹੱਤਵ ਰੱਖਦੀ, ਉਹ ਇਹ ਹੈ ਕਿ ਨਵੀਂ ਵਸਤੂ ਕੋਈ ਨਵਾਂ ਤੇ ਢੁਕਵਾਂ ਰੂਪ ਸਿਰਜਿਆ ਜਾਵੇ ਤੇ ਇਸ ਨੂੰ ਪ੍ਰਾਪਤ ਕਰਨ ਲਈ. ਸਾਨੂੰ ਮਨੁੱਖਤਾ ਦਾ ਸਾਰਾ ਵਿਰਸਾ ਗ੍ਰਹਿਣ ਕਰਨਾ ਪਵੇਗਾ ਤੇ ਆਪਣੀ ਵਿਅਕਤੀਗਤ ਪਹੁੰਚ ਵਿਕਸਿਤ ਕਰਨੀ ਪਵੇਗੀ।"

ਸੰਸਾਰ ਦੀ ਸਭਿਆਚਾਰਕ ਵਿਰਾਸਤ ਨੂੰ ਗ੍ਰਹਿਣ ਕਰਨ ਤੇ ਸਮਾਜਕ ਯਥਾਰਥਵਾਦ ਵਿਚਲੇ ਅਟੁੱਟ ਸਬੰਧ ਨੂੰ ਇਸ ਤੱਥ ਤੋਂ ਸਮਝਿਆ ਤੇ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਨਾਜ਼ਿਮ ਹਿਕਮਤ ਇਹ ਕਹਿ ਕੇ ਕਿ ਕਲਾ ਦੇ ਖੇਤਰ ਵਿਚਲੀਆਂ ਉਸ ਦੀਆਂ ਪ੍ਰਾਪਤੀਆਂ ਸਮਾਜਕ ਯਥਾਰਥਵਾਦ ਕਾਰਨ ਹਨ ਤੇ "ਸਭ ਤੋਂ ਉੱਤੇ ਉਸ ਸੰਸਾਰ ਦ੍ਰਿਸ਼ਟੀਕੋਣ ਕਾਰਨ ਜਿਸ ਦੀ ਉਹ ਪ੍ਰਤੀਨਿਧਤਾ ਕਰਦਾ ਹੈ" ਉਹ ਇਹ ਸਿੱਟਾ ਕੱਢਦਾ ਹੈ ਕਿ ਕਲਾਤਮਿਕ ਸਿਰਜਣਾ ਤੇ ਸਭਿਆਚਾਰਕ ਗ੍ਰਹਿਣ-ਸ਼ੀਲਤਾ ਦਾ ਡੂੰਘਾ ਸਬੰਧ ਹੈ।

"ਮੇਰੇ ਕਵਿਤਾ ਦੀਆਂ ਜੜ੍ਹਾਂ ਦੇਸ਼ ਦੀ ਮਿੱਟੀ ਵਿਚ ਹੀ ਰਹਿੰਦੀਆਂ ਹਨ। ਪਰ ਇਸ ਦੀਆਂ ਟਹਿਣੀਆਂ ਨਾਲ ਮੈਂ ਸਭ ਦੇਸ਼ਾਂ ਤੀਕ ਪਹੁੰਚਣਾ ਚਾਹੁੰਦਾ ਹਾਂ, ਦੇਸ਼ ਜਿਹੜੇ ਪੂਰਬ, ਪੱਛਮ ਉੱਤਰ ਦੱਖਣ, ਤੀਕ ਫੈਲੇ ਹੋਏ ਹਨ, ਉਸ ਸਭਿਅਤਾ ਤੀਕ ਜਿਹੜੀ ਇਹਨਾਂ ਦੇਸ਼ਾਂ ਵਿਚ ਪ੍ਰਾਪਤ ਹੈ ਤੇ ਸਾਰੀ ਦੁਨੀਆ ਤੀਕ ਹਰ ਸਮੇਂ ਤੇ ਕਿਤੇ ਵੀ ਤੇ ਕਿਸੇ ਭਾਸ਼ਾ ਵਿਚ ਜੇ ਕਿਸੇ ਨੇ ਕੋਈ ਕਵਿਤਾ ਗਾਈ ਹੈ, ਜਿਹੜੀ ਮੇਰੇ ਮਨ ਤੇ ਦਿਲ ਨੂੰ ਖੁਸ਼ ਕਰਦੀ ਹੈ, ਮੈਂ ਇਸ ਪ੍ਰਗਟਾਵਿਆਂ ਲਈ ਵਰਤੀ ਗਈ ਸ਼ਿਲਪ ਨੂੰ ਪੜ੍ਹਨ ਦਾ ਯਤਨ ਕੀਤਾ ਹੈ ਤੇ ਇਸ ਕੋਲੋਂ ਕੁਝ ਸਿੱਖਿਆ ਹੈ। ਮੈਂ ਆਪਣੇ ਦੇਸ਼ ਦੇ ਸਾਹਿਤਕਾਰਾਂ ਨੂੰ ਹੀ ਉਸਤਾਦ ਪ੍ਰਵਾਨ ਨਹੀਂ ਕਰਦਾ, ਸਗੋਂ ਪੂਰਬ ਤੇ ਪੱਛਮ ਦੇ ਸਭ ਸਾਹਿਤ ਦੇ ਉਸਤਾਦਾਂ ਨੂੰ ਪ੍ਰਣਾਮ ਕਰਦਾ ਹਾਂ।"

# ਕਵਿਤਾਵਾਂ

## 1. ਮੇਰੇ ਵਤਨ !

ਮੇਰੇ ਵਤਨ !
ਐ ਮੇਰੇ ਵਤਨ !!
ਮਿਰੇ ਸਿਰ ਤੇ ਟੋਪੀ ਉਹ ਨਾ ਰਹੀ
ਜੋ ਤੇਰੀ ਭੋਂ ਤੋਂ ਲਿਆਇਆ ਸੀ
ਨਾ ਪੈਰੀਂ ਜੁੱਤੀ ਉਹ ਹੀ ਰਹੀ
ਸੀ ਜਾਣੂ ਤੇਰੀਆਂ ਰਾਹਾਂ ਦੀ
ਮੇਰਾ ਆਖ਼ਰੀ ਕੁੜਤਾ ਪਾਟ ਗਿਆ
ਤੇਰੇ ਸ਼ਹਿਰੋਂ ਜੋ ਸਿਲਵਾਇਆ ਸੀ ।

ਹੁਣ ਤੇਰੀ ਝਲਕ
ਬਸ ਉੱਡਦੀ ਰੰਗਤ ਵਾਲਾਂ ਦੀ
ਜਾਂ ਮੇਰਾ ਟੁੱਟਿਆ ਦਿਲ ਕੇਵਲ
ਜਾਂ ਝੁਰੜੀਆਂ ਮੇਰੇ ਮੱਥੇ ਤੇ
ਵਾਹ ਮੇਰੇ ਵਤਨ !
ਵਾਹ ਮੇਰੇ ਵਤਨ !!
ਵਾਹ ਮੇਰੇ ਵਤਨ !!!

## 2. ਵਿਦਾ ਵੇਲੇ

ਹੈ ਵੇਲਾ ਤੁਰਨ ਦਾ ਆ ਚੁੱਕਾ
ਪਰ ਕਿੰਨੇ ਕੰਮ ਅਧੂਰੇ ਨੇ ।
ਜੋ ਮਿਰਗ ਛੁਡਾਇਆ ਫਾਂਸੀ ਤੋਂ
ਅਜੇ ਤੀਕ ਅਹਿਲ ਪਿਆ ਹੋਇਆ
ਜੋ ਸੰਤਰਾ ਤੋੜਿਆ ਟਾਹਣੀ ਤੋਂ
ਉਹ ਛਿੱਲ ਅਸਾਥੋਂ ਨ ਹੋਇਆ
ਜੋ ਪਾਣੀ ਖਿੱਚਿਆ ਖੂਹ ਵਿਚੋਂ
ਨਾ ਕਿਸੇ ਗਲਾਸਾਂ ਵਿਚ ਪਾਇਆ
ਪਏ ਟੋਕਰੀ ਫੁੱਲ ਗੁਲਾਬਾਂ ਦੇ
ਫੁੱਲਦਾਨ ਸਜਾਇਆ ਨਹੀਂ ਗਿਆ
ਹੈ ਵੇਲਾ ਵਿਦਾਇਗੀ ਦਾ ਹੋਇਆ
ਪਰ ਕਿੰਨੇ ਕੰਮ ਅਧੂਰੇ ਨੇ !



## 3. ਮੇਰੀ ਕਵਿਤਾ

ਮੇਰੇ ਕੋਲ ਨਾ ਚਾਂਦੀ ਦੀ ਕਾਠੀਵਾਲਾ ਘੋੜਾ
ਜਿਸ ਨੂੰ ਫੇਰਾਂ ਦੂਰ-ਦੁਰਾਡੇ
ਨਾ ਕੋਈ ਗੁਪਤ-ਕਮਾਈ

ਜਿਸ ਦੀ ਮੈਨੂੰ ਖਬਰ-ਸਾਰ ਨਾ ਹੋਵੇ
ਨਾ ਕੋਈ ਮਾਲ ਖਜ਼ਾਨੇ
ਤੇ ਨਾ ਮਿਲਖ-ਜਾਗੀਰਾਂ
ਮੇਰੇ ਕੋਲ ਹੈ ਭਰਿਆ ਹੋਇਆ ਸ਼ਹਿਦ-ਕਟੋਰਾ
ਰੰਗ ਕਿ ਜਿਸ ਦਾ ਬਲਦੀ ਹੋਈ ਲਾਟ ਵਾਗਰਾਂ
ਏਹੋ ਸ਼ਹਿਦ ਹੈ ਮੇਰਾ ਮਾਲ-ਖਜ਼ਾਨਾ
ਤਰਾਂ ਤਰਾਂ ਦੇ ਕੀੜ-ਮਕੌੜੇ ਕੋਲੋਂ
ਆਪਣੇ ਮਾਲ-ਖਜ਼ਾਨੇ
ਸ਼ਹਿਦ-ਕਟੋਰੀ, ਦੀ ਹਾਂ ਰਾਖੀ ਕਰਦਾ

ਸਬਰ ਕਰੋ, ਹੇ ਵੀਰੋ !
ਥੋੜ੍ਹਾ ਸਬਰ ਕਰੋ, ਧੀਰਜ ਰੱਖੋ !
ਜਦੋਂ ਤੀਕ ਹੈ ਸ਼ਹਿਦ-ਕਟੋਰਾ ਭਰਿਆ ਭਰਿਆ
ਮਧੂ ਮੱਖੀਆਂ
ਸ਼ਹਿਰ ਤੇਰੇ ਬਗਦਾਦੋਂ
ਆਉਂਦੀਆਂ ਰਹਿਣਗੀਆਂ ।

## 4. ਨਿੱਕੀ ਜਿਹੀ ਮੁਰਦਾ ਕੁੜੀ

ਇਹ ਮੈਂ ਹਾਂ ਜੋ ਤੁਹਾਡਾ ਬੂਹਾ ਖੜਕਾਉਂਦੀ ਹਾਂ
ਮੈਂ ਕਿੰਨੇ ਬੂਹਿਆਂ ਤੇ ਖਲੋਤੀ ਰਹੀ ਹਾਂ
ਪਰ ਮੈਂ ਕਿਸੇ ਨੂੰ ਦਿਸਦੀ ਨਹੀਂ
ਕਿਉਂਕਿ ਮੁਰਦੇ ਨਜ਼ਰ ਨਹੀਂ ਆਉਂਦੇ
ਮੈਂ ਹੀਰੋਸ਼ੀਮਾ ਵਿਚ ਮਰੀ ਸੀ
ਪੂਰੇ ਦਸ ਸਾਲ ਪਹਿਲਾਂ
ਮੈਂ ਅਜੇ ਵੀ ਸੱਤਾਂ ਸਾਲਾਂ ਦੀ ਕੁੜੀ ਹਾਂ
ਮਰੇ ਬੱਚੇ ਵਾਧੇ ਨਹੀਂ ਪੈਂਦੇ

ਪਹਿਲਾਂ ਮੇਰੇ ਵਾਲਾਂ ਨੂੰ ਅੱਗ ਲੱਗੀ
ਫਿਰ ਮੇਰੀਆਂ ਅੱਖਾਂ ਝੁਲਸੀਆਂ ਗਈਆਂ
ਮੈਂ ਸੁਆਹ ਦੀ ਮੁੱਠ ਰਹਿ ਗਈ,
ਤੇ ਹਵਾ ਮੈਨੂੰ ਉਡਾ ਕੇ ਦੂਰ ਲੈ ਗਈ,
ਮੈਨੂੰ ਆਪਣੇ ਲਈ ਕੁਝ ਨਹੀਂ ਚਾਹੀਦਾ
ਜਿਹੜਾ ਬੱਚਾ ਸੜ ਕੇ ਕੋਲਾ ਬਣ ਗਿਆ ਹੋਵੇ
ਉਹ ਮਠਿਆਈ ਵੀ ਨਹੀਂ ਖਾ ਸਕਦਾ
ਮੈਂ ਤੁਹਾਡੇ ਦਰਵਾਜ਼ਿਆਂ ਤੇ ਦਸਤਕ ਦਿੰਦੀ ਹਾਂ
ਚਾਚੇ, ਚਾਚੀਓ !

ਤੁਹਾਡੇ ਦਸਖਤ ਲੈਣ ਲਈ
ਤਾਂ ਕਿ ਫਿਰ ਕਦੇ ਬੱਚੇ ਝੁਲਸੇ ਨਾ ਜਾਣ
ਤਾਂ ਕਿ ਉਹ ਮਠਿਆਈ ਖਾ ਸਕਣ ।

## 5. ਇਕ ਕਵਿਤਾ

ਸਭ ਤੋਂ ਖ਼ੂਬਸੂਰਤ
ਸਮੁੰਦਰ ਹੈ ਉਹ
ਜਿਹਨੂੰ ਅਜੇ ਦੇਖਿਆ ਨਹੀਂ ਅਸਾਂ

ਸਭ ਤੋਂ ਖ਼ੂਬਸੂਰਤ ਬੱਚਾ
ਅਜੇ ਤੱਕ ਵੱਡਾ ਨਹੀਂ ਹੋਇਆ ।

ਸਭ ਤੋਂ ਸੁੰਦਰ ਦਿਨ ਉਹ ਹਨ
ਜਿਨ੍ਹਾਂ ਨੂੰ ਅਜੇ ਤੱਕ
ਜੀਵਿਆ ਨਹੀਂ ਅਸਾਂ ।

ਅਤੇ ਉਹ ਬੇਪਨਾਹ ਚੰਗੀਆਂ ਗੱਲਾਂ
ਜੋ ਸੁਣਾਉਣਾ ਚਾਹੁੰਦਾ ਹਾਂ ਤੁਹਾਨੂੰ
ਅਜੇ ਆਖੀਆਂ ਜਾਣੀਆਂ ਹਨ ।



## 6. ਭੁੱਖਿਆਂ ਦੀਆਂ ਅੱਖਾਂ

ਇਕ ਨਾ ਦੋ
ਦਸ, ਵੀਹ ਨਾ ਸੌ
ਨਾ ਇਕ ਹਜ਼ਾਰ
ਕਾਲ ਦੇ ਮਾਰੇ ਪੂਰੇ ਤਿੰਨ ਕਰੋੜ
ਇਸ ਤਰ੍ਹਾਂ ਦੇ ਆਪਣੇ ਲਈ ਨੇ ਇਹ
ਇਹਨਾਂ ਵਾਸਤੇ ਆਪਾਂ ਐਸੇ ਹਾਂ
ਜਿਉਂ ਲਹਿਰਾਂ ਸਮੁੰਦਰ ਦੇ ਲਈ ਨੇ
ਜਾਂ ਸਾਗਰ ਲਹਿਰਾਂ ਲਈ ਹੋਵੇ ।

ਇਕ ਨਾ ਦੋ, ਦਸ ਬੀਸ ਨਾ ਸੌ
ਨਾ ਇਕ ਹਜ਼ਾਰ
ਕਾਲ ਦੇ ਮਾਰੇ ਤਿੰਨ ਕਰੋੜ
ਡਾਰਾਂ ਹੀ ਡਾਰਾਂ ਬੰਦੇ ਨੇ
ਇਹਨਾਂ ਵਿਚ, ਨਾ ਮਰਦ ਕੋਈ
ਨਾ ਔਰਤ ਹੈ
ਨਾ ਲੜਕਾ ਹੈ, ਨਾ ਲੜਕੀ ਹੈ
ਸਭ ਚੁੜ-ਮੁੜ ਸੁੱਕੇ ਬਿਰਖ ਖੜੇ
ਜੋ ਮਰਦ ਨਹੀਂ
ਨਾ ਔਰਤ ਨੇ, ਨਾ ਲੜਕਾ ਹੈ, ਨਾਂ ਲੜਕੀ ਹੈ
ਸਭ ਤੁਰਦੇ ਫਿਰਦੇ ਢੇਲੇ ਨੇ
ਧਰਤੀ ਦੀ ਸੁਹਾਣੀ ਮਿੱਟੀ ਦੇ
ਕੋਈ ਇਹਨਾਂ ਵਿਚੋਂ ਭੁੱਖ ਮਰਿਆ
ਬਹਿ ਗੋਡਿਆਂ ਨੂੰ ਖੜਕਾਉਂਦਾ ਹੈ
ਜਾਂ ਫੁੱਲਿਆ ਢਿੱਡ ਵਜਾਉਂਦਾ ਹੈ
ਜਾਂ ਮੁੜ ਕੇ ਹੇਠਾਂ ਬਹਿ ਜਾਂਦਾ
ਕੋਈ ਇਹਨਾਂ ਵਿਚੋਂ ਇੰਝ ਲੱਗਦਾ
ਬਸ ਚਮੜੇ ਦੀ ਇਕ ਥੈਲੀ ਹੈ

ਜਿਦ ਜਿਸ ਦੀ ਅੱਖਾਂ ਵਿਚ ਬਾਕੀ
ਕਿੱਲ ਜੁੱਤੀਆਂ ਦੇ ਧਸ ਜਾਂਦੇ ਨੇ
ਕਰ ਜ਼ਖਮੀ ਦੋਹਾਂ ਤਲੀਆਂ ਨੂੰ
ਤੇ ਦਿਲ ਦਾ ਲਹੂ
ਸਭ ਨੁੱਚੜ ਗਿਆ ਹੈ ਅੱਖੀਆਂ 'ਚੋਂ
ਨਾ ਦੁੱਖ ਦਾ ਕੋਈ ਅੰਦਾਜ਼ਾ ਹੈ
ਇਹ ਘੂਰੇ ਪਿਆ ਤੇ ਘੂਰਦਾ ਹੈ
ਦੁੱਖ ਸਾਡਾ ਉਹਨਾਂ ਵਾਂਗੂੰ ਹੀ
ਬੇਅੰਤ ਹੈ, ਬੇ ਅੰਦਾਜ਼ਾ ਹੈ

ਇਸ ਹਾਲਤ ਅੰਦਰ ਰਹਿੰਦੇ ਵੀ
ਹਿੰਮਤ ਤੋਂ ਮੂੰਹ ਨਾ ਮੋੜਾਂਗੇ
ਦਿਲ ਏਨੇ ਕਰ ਮਜ਼ਬੂਤ ਲਏ
ਤੇ ਸੀਨੇ ਵੀ ਫੌਲਾਦੀ ਨੇ
ਇਹ ਭੁੱਖੇ ਤਿੰਨ ਕਰੋੜਾਂ ਲਈ
ਹਨ ਪਾਗਲ ਅੱਖਾਂ ਵਾਂਲੇ ਜੋ
ਇਹ ਗਮ ਸਾਡਾ
ਹੈ ਦੁੱਖ ਸਾਡਾ

ਐ ਸੁਣਨ ਵਾਲਿਓ, ਸੁਣ ਜਾਇਓ
ਮੈਂ ਦਿਲ ਦੀ ਗੱਲ ਸੁਣਾਈ ਹੈ
ਜੋ ਮੈਨੂੰ ਸਨਕੀ ਕਹਿੰਦੇ ਨੇ
ਜੇ ਦੂਜਿਆਂ ਵਾਂਗੂੰ ਬੁਜ਼ਦਿਲ ਹੋ
ਤੇ ਸੋਚਾਂ ਸੋਚੀ ਜਾਂਦੇ ਹੋ।

ਮੈਂ ਪਾਂਗਲ ਹਾਂ, ਬਕਵਾਸ ਕਰਾਂ
ਆਓ ਵੇਖੋ ਮੇਰੀਆਂ ਅੱਖਾਂ ਨੂੰ
ਇਕ ਦਰਦ ਦੇ ਮਾਰੇ ਹੋਏ ਨੂੰ
ਜੋ ਦਰਦ ਦੇ ਹੱਥੋਂ ਪਾਗਲ ਹੈ।



## 7. ਤੇਰੇ ਹੱਥ ਤੇ ਝੂਠ

ਤੇਰੇ ਹੱਥ
ਚੱਟਾਨਾਂ ਵਰਗੇ ਸੰਜੀਦਾ
ਜੇਲ੍ਹ ਵਿਚ ਗਾਏ ਜਾਣ ਵਾਲੇ ਗੀਤਾਂ ਵਾਂਗੂੰ ਉਦਾਸ
ਜੁੱਪੇ ਹੋਏ ਬਲਦਾਂ ਦੀ ਚਾਲ ਵਾਂਗੂ ਭਾਰੇ
ਭੁੱਖੇ ਮਰਦੇ ਹੋਏ ਬੱਚਿਆਂ ਦੇ ਚਿਹਰੇ ਵਾਂਗੂ ਭਿਆਨਕ
ਤੇਰੇ ਹੱਥ ਕੰਮਾਂ ਵਿਚ
ਸ਼ਹਿਦ ਦੀਆਂ ਮੱਖੀਆਂ ਵਾਂਗੂੰ ਚੁਸਤ ਤੇ ਹੁਸ਼ਿਆਰ
ਮਾਂ ਦੇ ਥਣਾਂ ਵਾਂਗੂੰ ਭਰੇ ਭਰੇ
ਪ੍ਰਕਿਰਤੀ ਦੇ ਵਾਂਗ ਨਿਰਮਲ ਤੇ, ਅਰੁੱਕ,
ਖੁਰਦਰੀ ਖੱਲ ਦੇ ਹੇਠਾਂ
ਮਸਤ ਦਾ ਸਨੇਹ ਭਰਿਆ ਸਪਰਸ਼ ਲੁਕਾਈ

ਇਹ ਗਲਤ ਹੈ ਕਿ ਧਰਤੀ ਨੂੰ

ਸ਼ੇਸ਼ਨਾਗ ਨੇ ਆਪਣੇ ਮੱਥੇ ਤੇ ਲਾ ਕੇ ਰੱਖਿਆ ਹੋਇਆ ਹੈ
ਧਰਤੀ, ਇਹ ਸਮੁੱਚੀ ਧਰਤੀ
ਤੇਰੇ ਇਹਨਾਂ ਹੱਥਾਂ ਤੇ ਟਿਕੀ ਹੋਈ ਹੈ
ਓ ਸਾਰੀ ਦੁਨੀਆਂ ਦੇ ਲੋਕੋ !
ਜਦੋਂ ਤੁਸੀਂ ਭੁੱਖ ਨਾਲ ਵਿਆਕੁਲ ਰਹਿੰਦੇ ਹੋ
ਤੇ ਤੁਹਾਨੂੰ ਰੋਟੀ ਦੀ ਜ਼ਰੂਰਤ ਹੁੰਦੀ ਹੈ
ਜਦੋਂ ਉਹ ਤੁਹਾਨੂੰ ਖਵਾਉਣ ਲਈ
ਅਣਗਿਣਤ ਝੂਠਾਂ ਦੀ ਫਸਲ ਤਿਆਰ ਕਰਦੇ ਹਨ,
ਤੇ ਤੁਸੀਂ ਸਾਰੀ ਜ਼ਿੰਦਗੀ
ਇਕ ਵਾਰ ਸਾਫ ਥਾਲੀ ਵਿਚ
ਪੇਟ ਭਰ ਕੇ ਖਾਣ ਲਈ,
ਤਰਸਦੇ ਤਰਸਦੇ ਦਮ ਤੋੜ ਜਾਂਦੇ ਹੋ
ਜਦ ਕਿ ਦੁਨੀਆਂ ਭਰ ਵਿਚ
ਟਾਹਣੀਆਂ ਪੱਕੇ ਹੋਏ ਫ਼ਲਾਂ ਦੇ ਬੋਝ ਨਾਲ
ਝੁਕੀਆਂ ਪਈਆਂ ਹੁੰਦੀਆਂ ਹਨ।

ਐ ਸਭ ਦੁਨੀਆਂ ਦੇ ਲੋਕੋ।
ਸਭ ਤੋਂ ਵੱਧ

ਏਸ਼ੀਆ
ਅਫਰੀਕਾ
ਮੱਧ-ਪੂਰਬ
ਦੂਰ-ਪੂਰਬ
ਪਰਸ਼ਾਂਤ-ਦੀਪ-ਸਮੂਹ
ਤੇ ਮੇਰੇ ਦੇਸ਼ ਦੇ ਲੋਕੋ
ਅਰਥਾਤ ਤੁਸੀਂ ਜੋ ਸਮੁੱਚੀ ਇਨਸਾਨੀ ਆਬਾਦੀ ਹੋ
ਸੱਤਰ ਫੀਸਦੀ ਤੋਂ ਵੱਧ
ਤੁਸੀਂ ਅਜੇ ਵੀ ਸੁੱਤੇ ਹੋਏ ਹੋ
ਤੁਸੀਂ ਆਪਣੇ ਹੱਥਾਂ ਵਾਂਗੂੰ ਪੁਰਾਣੇ ਹੋ
ਤੁਸੀਂ ਬੱਚਿਆਂ ਵਾਂਗੂੰ ਖੁਸ਼ ਹੋ
ਸੰਤੁਸ਼ਟ ਹੋ
ਤੁਸੀਂ ਆਥਣੇ ਜਵਾਨ ਹੱਥਾਂ ਵਾਂਗੂੰ
ਗਿਆਨ-ਵਿਹੂਣੇ ਹੋ !
ਤੇ ਐ ਯੂਰਪ ਤੇ ਅਮਰੀਕਾ ਦੇ ਲੋਕੋ,
ਤੁਸੀਂ ਸੁਚੇਤ ਹੋ, ਤੁਹਾਡੇ ਵਿਚ ਸਾਹਸ ਹੈ
ਪਰ ਤੁਸੀਂ ਇਹਨਾਂ ਵਾਂਗੂੰ ਸੋਚ-ਹੀਣ ਹੋ
ਝੂਠ ਤੁਹਾਡੇ ਰੁਪੱਈਆਂ ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ
ਤੇ ਤੁਸੀਂ ਉਹਨਾਂ ਦੇ ਜਾਲ ਵਿਚ ਉਲਝ ਜਾਂਦੇ ਹੋ

ਐ ਸਾਥੀਓ ।
ਜੋ ਇਹ ਝੂਠ ਰੇਡੀਓ ਤੋਂ ਬੋਲਿਆ ਜਾਂਦਾ ਹੈ
ਜੋ ਇਹ ਝੂਠ ਰੋਟਰੀ ਮਸ਼ੀਨਾਂ ਤੋਂ ਛਪਦਾ ਹੈ
ਜੋ ਇਹ ਝੂਠ ਕਿਤਾਬਾਂ ਵਿਚ ਲਿਖਿਆ ਜਾਂਦਾ ਹੈ
ਕੰਧਾਂ ਤੇ ਖੰਭਿਆਂ ਪਰ ਚਿਪਕੇ ਨੋਟਿਸ !ਤੇ
ਇਸ਼ਤਿਹਾਰਾਂ ਤੇ ਅੰਕਿਤ ਕੀਤਾ ਜਾਂਦਾ ਹੈ
ਜੋ ਇਹ ਝੂਠ ਪਰਦੇ ਤੇ ਨੰਗੀਆਂ ਲੱਤਾਂ ਦੇ
ਰੂਪ ਵਿਚ ਦਿਖਾਇਆ ਜਾਂਦਾ ਹੈ
ਜੋ ਰੁਮਾਂਟਿਕ ਗੀਤਾਂ ਵਿਚ ਇਹ ਝੂਠ ਗੁੰਨ੍ਹਿਆ ਜਾਂਦਾ ਹੈ,
ਜੋ ਸੁਪਨੇ ਵੀ ਏਸੇ ਝੂਠ ਵਿਚ ਰੰਗੇ ਹੁੰਦੇ ਹਨ,
ਬੰਸਰੀਆਂ ਚੋਂ ਵੀ ਏਹੋ ਝੂਠ ਸਿਸਕਦਾ ਹੈ
ਨਿਰਾਸਤਾ ਭਰੀ ਵਿਛੋੜੇ ਦੀਆਂ ਚਾਨਣੀਆਂ
ਰਾਤਾਂ ਵਿਚ ਇਹ ਝੂਠ ਝਿਲਮਿਲਾਉਂਦਾ ਹੈ



ਜੋ ਸ਼ਬਦ, ਰੰਗ, ਧੁਨੀ
ਸੱਭ ਏਸੇ ਝੂਠ ਦੇ ਮਾਧਿਅਮ ਹਨ
ਤੁਹਾਡੇ ਹੱਥਾਂ ਨੂੰ ਖਰੀਦਣ ਵਾਲਾ ਵੀ
ਏਸੇ ਅਸੱਤ ਦਾ ਠੇਕੇਦਾਰ ਹੈ
ਜੋ ਤੁਹਾਡੇ ਹੱਥਾਂ ਤੋਂ ਬਿਨਾਂ
ਦੁਨੀਆਂ ਦੀ ਹਰ ਛੋਟੀ ਵੱਡੀ ਚੀਜ਼
ਏਸੇ ਅਸੱਤ ਦੇ ਸੁਰ ਵਿਚ ਬੋਲਦੀ ਹੈ
ਤਾਂ ਇਸਦਾ ਇਕੋ ਇਕ ਕਾਰਣ ਇਹ ਹੈ
ਕਿ ਉਹ ਇਹ ਚਾਹੁੰਦੇ ਹਨ ਕਿ
ਤੁਹਾਡੇ ਇਹ ਅਜਿੱਤ ਹੱਥ
ਕਠਪੁਤਲੀਆਂ ਵਾਂਗੂੰ
ਉਹਨਾਂ ਦੇ ਇਸ਼ਾਰਿਆਂ 'ਤੇ ਨੱਚਣ
ਇਹਨਾਂ ਨੂੰ ਕੋਈ ਵੀ ਦ੍ਰਿਸ਼ਟੀ ਨਾ ਮਿਲੇ
ਕੋਈ ਗਿਆਨ ਨਾ ਮਿਲੇ
ਤਾਕਿ ਤੁਹਾਡੇ ਹੱਥ ਕਦੇ ਵੀ ਉਹਨਾਂ ਦੇ
ਵਿਰੁੱਧ ਨਾ ਉੱਠਣ
ਤਾਕਿ ਅਨਿਆਂ ਦਾ ਕਦੇ ਵੀ ਅੰਤ ਨਾ ਹੋਵੇ
ਤਾਕਿ ਗੁਲਾਮਾ ਦੇ ਬਿਉਪਾਰੀਆਂ ਦਾ
ਸ਼ਾਸਨ ਇਸ ਧਰਤੀ ਤੇ ਸਦਾ ਹੀ ਬਣਿਆ ਰਹੇ
ਇਹ ਧਰਤੀ
ਜੋ ਸਾਡੀ ਸਭ ਦੀ ਮਾਂ ਹੈ ।

## 8. ਵੀਰਾਂ ਦੇ ਨਾਂ

ਉਸ ਆਖਿਆ ਸੀ ਆ ਜਾਓ ਜੀ,
ਫਿਰ 'ਠਹਿਰੋ' ਕਿਹਾ ਉਸ ਨੇ
'ਮੁਸਕਾਓ' ਕਿਹਾ ਉਸ ਨੇ
'ਮਰ ਜਾਓ' ਕਿਹਾ ਉਹਨੇ

ਮੈਂ ਆਇਆ ਸੀ
ਮੈਂ ਠਹਿਰ ਗਿਆ
ਮੁਸਕਾਇਆ ਸੀ
ਤੇ ਮਰ ਵੀ ਗਿਆ ।

## 8. ਗ਼ਮਗੀਨ ਆਜ਼ਾਦੀ/ਨਾਜ਼ਿਮ ਹਿਕਮਤ

ਤੁਸੀਂ ਆਪਣੀਆਂ ਅੱਖਾਂ ਦੀ ਨਜ਼ਰ ਗਵਾ ਲੈਂਦੇ ਹੋ,
ਆਪਣੇ ਹੱਥਾਂ ਦੀ ਚਮਕਾਂ ਮਾਰਦੀ ਮਿਹਨਤ
ਤੇ ਰੋਟੀਆਂ ਦੀ ਪੰਡ ਪਕਾਉਣ ਲਈ
ਆਟੇ ਨੂੰ ਖ਼ੂਬ ਗੁੰਨ੍ਹਦੇ ਹੋ,
ਜਿਸ 'ਚੋਂ ਮੂੰਹ ਲਾਉਣ ਲਈ ਤੁਹਾਨੂੰ
ਇਕ ਬੁਰਕੀ ਵੀ ਨਹੀਂ ਮਿਲਣੀ ਹੁੰਦੀ

ਤੁਹਾਨੂੰ ਆਜ਼ਾਦੀ ਹੈ
ਦੂਜਿਆਂ ਦਾ ਗ਼ੁਲਾਮ ਬਣਨ ਦੀ
ਤੁਹਾਨੂੰ ਆਜ਼ਾਦੀ ਹੈ
ਅਮੀਰਾਂ ਨੂੰ ਹੋਰ ਅਮੀਰ ਬਣਾਉਣ ਦੀ

ਜਿਸ ਛਿਣ ਤੁਸੀਂ ਜਨਮ ਲੈਂਦੇ ਹੋ
ਉਹ ਤੁਹਾਡੇ ਦੁਆਲੇ
ਝੂਠ ਨੂੰ ਪੀਸਣ ਦੀਆਂ ਮਿਲਾਂ ਲਾਂ ਦਿੰਦੇ ਨੇ
ਝੂਠ ਜਿਹੜੇ ਜੀਵਨ ਭਰ ਕੰਮ ਆਉਂਦੇ ਨੇ
ਇਸ ਮਹਾਨ ਆਜ਼ਾਦੀ ਵਿਚ
ਤੁਸੀਂ ਮੱਥੇ ਤੇ ਹੱਥ ਰੱਖੀ
ਆਜ਼ਾਦ ਆਤਮਾ ਸਾਂਭੀ
ਸੋਚਦੇ ਰਹਿੰਦੇ ਹੋ

ਤੁਹਾਡਾ ਸਿਰ ਝੁਕਿਆ ਰਹਿੰਦਾ ਹੈ
ਜਿਵੇਂ ਕਿਸੇ ਧੌਣ ਨੂੰ ਅੱਧਾ ਕੱਟ ਦਿੱਤਾ ਹੋਵੇ
ਲਮਕਦੀਆਂ ਲੰਮੀਆਂ ਬਾਹਾਂ
ਮਹਾਨ ਆਜ਼ਾਦੀ ਵਿਚ ਟਹਿਲਦੇ ਫ਼ਿਰਦੇ
ਤੁਸੀਂ ਆਜ਼ਾਦ ਹੋ
ਬੇਰੁਜ਼ਗਾਰ ਰਹਿਣ ਲਈ।

ਤੁਸੀਂ ਆਪਣੇ ਵਤਨ ਨੂੰ ਪਿਆਰ ਕਰਦੇ ਹੋ
ਸਭ ਤੋਂ ਨੇੜਲੀ ਸਭ ਤੋਂ ਕੀਮਤੀ ਪਿਆਰੀ ਚੀਜ਼ ਵਾਂਗੂੰ
ਐਪਰ ਇਕ ਦਿਨ
ਮਿਸਾਲ ਵਜੋਂ



ਉਹ ਇਹ ਦੇਸ਼ ਅਮਰੀਕਾ ਨੂੰ ਗਹਿਣੇ ਪਾ ਦਿੰਦੇ ਨੇ
ਤੇ ਤੁਸੀਂ ਵੀ ਆਪਣੀ ਮਹਾਨ ਅਜ਼ਾਦੀ ਸਮੇਤ
ਤੁਹਾਨੂੰ ਹਵਾਈ-ਅੱਡਾ ਬਣ ਜਾਣ ਦੀ
ਆਜ਼ਾਦੀ ਹੈ

'ਵਾਲ ਸਟਰੀਟ' ਦੀਆਂ ਤਾਰਾਂ
ਤੁਹਾਡੀ ਧੌਣ ਦੁਆਲੇ ਵਲੀਆਂ ਜਾਂਦੀਆਂ ਨੇ
ਉਹ ਤੁਹਾਨੂੰ ਕੋਰੀਆ ਭੇਜ ਦੇਣਗੇ
ਆਪਣੀ ਮਹਾਨ ਆਜ਼ਾਦੀ ਸਮੇਤ
ਡੂੰਘੀ ਖੱਡ ਨੂੰ ਪੂਰਨ ਲਈ।

ਹਾਂ, ਤੁਸੀਂ ਆਜ਼ਾਦ ਹੋ
ਅਜਨਬੀ ਸਿਪਾਹੀ ਦੀ ਆਜ਼ਾਦੀ ਵਾਂਗੂੰ

ਤੁਸੀਂ ਕਹੀ ਜਾਓ
ਕਿ ਬੰਦਾ ਇਕ ਹੱਥ-ਠੋਕਾ, ਅੰਕੜਾ, ਜਾਂ ਸੰਗਲ ਦਾ ਘੁੰਡੀ
ਨਾ ਬਣੇ, ਸਗੋਂ ਮਨੁੱਖ ਹੀ ਰਵ੍ਹੇ
ਤੇ ਫਿਰ ਅਚਾਨਕ ਉਹ ਤੁਹਾਡੀਆਂ ਵੀਣੀਆਂ ਨੂੰ
ਹੱਥ-ਕੜੀ ਨਾਲ ਨਰੜ ਦਿੰਦੇ ਨੇ
ਤੁਸੀਂ, ਫੜੇ ਜਾਣ, ਕੈਦ ਕੀਤੇ ਜਾਣ
ਤੇ ਫਾਹੇ ਲਾਏ ਜਾਣ ਲਈ ਵੀ
ਆਜ਼ਾਦ ਹੋ।

ਤੁਹਾਡੇ ਜੀਵਨ ਵਿਚ
ਨਾ ਲੋਹੇ, ਨਾ ਲੱਕੜ ਦਾ
ਤੇ ਨਾ ਰੇਸ਼ਮੀ ਪਰਦਾ ਹੈ
ਆਜ਼ਾਦੀ ਦੀ ਚੋਣ ਕਰਨ ਦੀ ਵੀ ਲੋੜ ਨਹੀਂ
ਤੁਸੀਂ ਆਜ਼ਾਦ ਹੋ, ਬਿਲਕੁਲ ਸਵਤੰਤਰ
ਪਰ ਸਿਤਾਰਿਆਂ ਦੇ ਹੇਠ
ਇਹ ਆਜ਼ਾਦੀ ਬੜੀ ਉਦਾਸੀ ਭਰੀ ਗਮਗ਼ੀਨ ਆਜ਼ਾਦੀ ਹੈ। (1951)

## 9. ਬੱਚਿਆਂ ਨੂੰ ਸਿੱਖਿਆ

ਸ਼ਰਾਰਤੀ ਬਣੋ, ਠੀਕ ਹੈ
ਕੰਧਾਂ ਤੇ ਟਪੂਸੀਆਂ ਮਾਰੋ
ਉੱਚੇ ਦਰੱਖਤਾਂ ਦੀ ਟੀਸੀ ਤੇ ਜਾ ਚੜ੍ਹੋ
ਪੁਰਾਣੇ ਕਪਤਾਨ ਵਾਂਗ
ਆਪਣੇ ਸਾਈਕਲ ਨੂੰ ਪਟੜੀ ਤੇ ਅਡੋਲ ਚਲਾਓ
ਤੇ ਉਸ ਪੈਂਨਸਿਲ ਨਾਲ ਜਿਹੜੀ ਮੌਲਵੀ
ਦੇ ਕਾਰਟੂਨ ਬਣਾਉਂਦੀ ਹੈ
ਕੁਰਾਨ ਦੇ ਸਫ਼ਿਆਂ ਨੂੰ ਉਲਟ ਪੁਲਟ ਦਿਓ

ਤੁਹਾਨੂੰ ਪਤਾ ਹੋਵੇ ਕਿ ਕਿਵੇਂ
ਇਸ ਕਾਲੀ ਧਰਤੀ ਤੇ
ਸਵਰਗ ਬਣਾਉਣਾ ਹੈ
ਜੀਵ-ਵਿਗਿਆਨ ਦੀ ਪੁਸਤਕ ਨਾਲ
ਉਸ ਆਦਮੀ ਨੂੰ ਚੁੱਪ ਕਰਾ ਦਿਓ
ਜਿਹੜਾ ਇਹ ਆਖਦਾ ਹੈ
ਕਿ 'ਆਦਮ' ਨਾਲ ਹੀ ਧਰਤੀ ਬਣੀ ਸੀ
ਧਰਤੀ-ਮਾਂ ਦੀ ਵਡਿਆਈ ਨਾ ਭੁੱਲੋ
ਤੇ ਸੱਚ ਜਾਣਿਓ

ਧਰਤੀ ਸਦਾ-ਜੀਵੰਤ ਹੈ
ਆਪਣੀ ਮਾਂ ਤੇ ਧਰਤੀ-ਮਾਂ ਵਿਚ ਫਰਕ ਨਾ ਰੱਖੋ
ਜਿਵੇਂ ਇਹਨੂੰ ਪਿਆਰਦੇ ਹੋ
ਉਵੇਂ ਹੀ ਉਸ ਨੂੰ ਪਿਆਰੋ।



## 10. ਜੇਲ੍ਹ ਜਾ ਰਹੇ ਦੋਸਤ ਨੂੰ ਨਸੀਹਤ

ਜੇ ਤੁਹਾਨੂੰ ਆਪਣੀ ਦੁਨੀਆਂ ਆਪਣੇ ਦੇਸ਼
ਤੇ ਆਪਣੇ ਲੋਕਾ ਦੀਆਂ ਆਸ਼ਾ ਨਾਲ ਜੁੜੇ ਰਹਿਣ
ਦੇ ਦੋਸ਼ ਵਿਚ
ਫਾਹੇ ਲਾ ਦਿੱਤੇ ਜਾਣ ਨਾਲੋਂ
ਜੇਲ੍ਹ ਵਿਚ ਸੁੱਟ ਦਿੰਦੇ ਨੇ
ਜੋ ਲਗਾਤਾਰ ਦਸ ਜਾਂ ਪੰਦਰਾਂ ਸਾਲ
ਅੰਦਰ ਦੇਈ ਰੱਖਦੇ ਨੇ
ਇਹ ਨਾ ਕਹੋ
"ਰੱਸੀ ਦੇ ਸਿਰੇ ਤੇ ਲਟਕਦੇ ਝੰਡੇ ਨਾਲੋਂ ਤਾਂ ਸੌਖੇ ਹੀ ਆਂ"

ਜੀਊਣ ਲਈ ਅੜ ਜਾਓ
ਭਾਵੇਂ ਖ਼ੁਸ਼ੀ ਦੁਰਲੱਭ ਹੋਵੇ
ਪਰ ਇਹ ਤੁਹਾਡਾ ਪਵਿੱਤਰ ਫਰਜ਼ ਹੈ
ਦੁਸ਼ਮਣ ਅੱਗੇ ਅੜਨ
ਤੇ ਇਕ ਹੋਰ ਵਾਧੂ ਦਿਨ ਲਈ ਜੀਊਂਦੇ ਰਹਿਣਾ
ਅੰਦਰ, ਤੁਹਾਡਾ ਇੱਕ ਹਿੱਸਾ ਬਿਲਕੁੱਲ ਵੱਖਰਾ
ਹੋ ਸਕਦਾ ਹੈ
ਖੂਹ ਦੀ ਤਹਿ ਵਿਚ ਪਏ ਪੱਥਰ ਵਾਂਗੂੰ
ਪਰ ਤੁਹਾਡਾ ਦੂਸਰਾ ਹਿੱਸਾ
ਸੰਸਾਰ ਦੇ ਝੱਖੜਾਂ ਵਿਚ
ਏਨਾ ਅਭੇਦ ਹੋ ਜਾਵੇ
ਕਿ ਤੁਸੀਂ ਅੰਦਰੋਂ ਭਾਵੇਂ ਹਿੱਲ ਜਾਵੋ
ਪਰ ਬਾਹਰੋਂ ਚਾਲੀ ਦਿਨਾਂ ਤੀਕ ਵੀ
ਧਰਤੀ ਤੇ ਪਿਆ ਪੱਤਾ ਲਰਜ਼ਦਾ ਰਹੇ

ਅੰਦਰ ਬੈਠੇ
ਖ਼ਤ ਦੀ ਉਡੀਕ ਕਰਨਾ
ਉਦਾਸੀ-ਭਰੇ ਨਗਮੇਂ ਗਾਉਣ
ਸਾਰੀ ਰਾਤ ਜਾਗਦੇ ਰਹਿਣ
ਛੱਤ ਵੱਲ ਵੇਖੀ ਜਾਣਾ
ਚੰਗਾ ਤਾਂ ਲੱਗਦਾ ਹੈ
ਪਰ ਹੈ ਖ਼ਤਰਨਾਕ।
ਹਰ ਹਜਾਮਤ ਬਾਅਦ ਆਪਣੇ ਚਿਹਰੇ
ਨੂੰ ਤੱਕੋ

ਆਪਣੀ ਉਮਰ ਭੁੱਲ ਜਾਓ
ਜੂਆਂ ਤੋਂ ਬਚੇ ਰਹੋ
ਤੇ ਬਹਾਰ ਦੀਆਂ ਸ਼ਾਮਾਂ ਤੋਂ ਵੀ ।
ਆਪਣੀ ਰੋਟੀ ਦੀ ਆਖਰੀ ਗਰਾਹੀ ਤੀਕ
ਖਾ ਜਾਓ
ਪਰ ਕਦੇ ਵੀ
ਹੱਸਣ ਦੀ ਆਜ਼ਾਦੀ ਨੂੰ ਭੁੱਲੋ
ਕਿਹਨੂੰ ਪਤਾਂ
ਜਿਸ ਔਰਤ ਨੂੰ ਤੁਸੀਂ ਪਿਆਰ ਕਰਦੇ ਸੀ
ਤੁਹਾਨੂੰ ਭੁੱਲ ਚੁੱਕੀ ਹੋਵੇ
ਇਹ ਛੋਟੀ ਗੱਲ ਨਹੀਂ
ਇਹ ਕੈਦ ਬੰਦੇ ਲਈ
ਹਰੀ ਟਾਹਣੀ ਦੇ ਕੜੱਕ ਕਰਕੇ ਟੁੱਟਣ ਵਾਂਗ ਹੈ
ਅੰਦਰ ਬੈਠੇ
ਬਾਗ਼ ਤੇ ਗੁਲਾਬ ਦੇ ਫੁੱਲਾਂ ਬਾਰੇ ਨਾ ਸੋਚੋ
ਚੰਗਾ ਹੋਵੇ,ਪਹਾੜਾਂ ਤੇ ਸਮੁੰਦਰਾਂ ਦੀ ਕਲਪਨਾ ਕਰੋ
ਪੜ੍ਹੋ ਤੇ ਲਿਖੋ
ਜਿੰਨਾਂ ਵੀ ਮਨੁੱਖੀ ਤੌਰ ਤੇ ਸੰਭਵ ਹੋਵੇ
ਗੱਲ ਇਹ ਹੈ ਕਿ ਕੈਦ ਦੇ ਦਸ ਜਾਂ ਪੰਦਰਾਂ ਸਾਲ
ਜਾਂ ਇਸ ਤੋਂ ਵੀ ਵੱਧ
ਕੱਟਣੇ ਕੋਈ ਔਖੇ ਨਹੀ.
ਐਪਰ ਆਪਣੀ ਛਾਤੀ ਦੇ ਖੱਬੇ ਪਾਸੇ
ਵਾਲੇ ਕੀਮਤੀ ਨਗ ਨੂੰ
ਧੁੰਧਲਾ ਨਾ ਹੋਣ ਦਿਓ

(1948)

## 11. ਜੇਲ੍ਹ ਚੋਂ ਖ਼ਤ

ਆਪਣੀ ਉਹ ਪੁਸ਼ਾਕ ਕੱਢ ਕੇ ਪਾ ਲੈ
ਜਿਹੜੀ ਤੂੰ ਪਹਿਲੀ ਮਿਲਣੀ ਵੇਲੇ ਪਾਈ ਹੋਈ ਸੀ
ਇਹ ਪਾ ਕੇ ਇਸ ਤਰ੍ਹਾਂ ਦੀ ਬਣ ਜਾ
ਜਿਵੇਂ ਬਸੰਤ ਰੁੱਤੇ ਬਿਰਖ ਹੁੰਦੇ ਨੇ
ਉਹ ਗੁਲਾਬੀ ਫੁੱਲ ਆਪਣੇ ਵਾਲਾਂ 'ਚ ਟੁੰਗ ਲੈ
ਜਿਹੜਾ ਮੈਂ ਲਿਫਾਫੇ ਵਿਚ ਤੇਰੇ ਲਈ
ਜੇਲ੍ਹ 'ਚੋਂ ਭੇਜਿਆ ਸੀ
ਆਪਣਾ ਗੋਰਾ ਮੱਥਾ



ਚੁੰਮਣ-ਯੋਗ ਗੋਰਾ ਮੱਥਾ
ਮਾਣ ਨਾਲ ਉਤਾਹ ਚੁੱਕ ਲੈ
ਅੱਜ ਦੇ ਦਿਨ
ਤੂੰ ਉਦਾਸ ਤੇ ਨਿਰਾਸ ਨਾ ਹੋਵੀਂ
ਇਹ ਚੰਗੀ ਗੱਲ ਨਹੀਂ
ਮੇਰੀ ਪਿਆਰੀ
ਏਸ ਦਿਨ, ਨਾਜ਼ਿਮ ਹਿਕਮਤ ਦੀ ਪਤਨੀ ਨੂੰ
ਏਨਾ ਸੁੰਦਰ ਲੱਗਣਾ ਚਾਹੀਦਾ ਹੈ
ਜਿੰਨਾ ਕਰਾਂਤੀਕਾਰੀ ਪਰਚਮ ।

(4-12-1945).

## 12. ਤੂੰ

ਤੂੰ ਇਕ ਪੈਲੀ ਏਂ
ਤੇ ਮੈਂ ਇਕ ਟਰੈਕਟਰ
ਤੂੰ ਕਾਗਜ਼ ਹੈਂ
ਤੇ ਮੈਂ ਇਕ ਟਾਇਪ-ਰਾਈਟਰ

ਮੇਰੀ ਪਤਨੀ
ਮੇਰੇ ਬੇਟੇ ਦੀ ਮਾਂ !
ਤੂੰ ਇਕ ਗੀਤ ਹੈ
ਤੇ ਮੈਂ ਹਾਂ ਸਾਜ਼
ਮੈਂ ਹਾਂ ਗਰਮ ਹੁੰਮਸ ਭਰੀ ਰਾਤ
ਜਿਸ ਨੂੰ ਦੱਖਣੀ ਹਵਾ ਲਿਆਉਂਦੀ ਹੈ
ਤੂੰ ਇਕ ਉਹ ਔਰਤ ਹੈ
ਪਾਣੀ ਦੇ ਕਿਨਾਰੇ ਟਹਿਲਦੀ ਹੋਈ
ਵੇਖਦੀ ਪਰਲੇ ਪਾਰ ਦੀਆਂ ਬੱਤੀਆਂ ਨੂੰ

ਮੈਂ ਪਾਣੀ ਹਾਂ
ਤੇ ਤੂੰ ਪੀਣ ਵਾਲੀ
ਮੈਂ ਲੰਘਦਾ ਹੋਇਆ ਮੁਸਾਫਰ ਹਾਂ
ਤੂੰ ਏਂ ਉਹ
ਜੋ ਖੋਲ੍ਹਦੀ ਹੈ ਆਪਣੀ ਖਿੜਕੀ
ਤੇ ਮੈਨੂੰ ਬੁਲਾਉਂਦੀ ਏ

ਤੂੰ ਚੀਨ ਏ
ਤੇ ਮੈ ਮਾਓ ਦੀ ਸੈਨਾ
ਤੂੰ ਇਕ ਚੌਦਾਂ ਸਾਲ ਦੀ ਫਲਿਸਤੀਨੀ ਕੁੜੀ ਏ
ਮੈਂ ਬਚਾਉਂਦਾ ਹਾਂ ਤੈਨੂੰ
ਇਕ ਅਮਰੀਕੀ ਜਹਾਜ਼ੀ ਦੇ ਪੰਜੇ ਤੋਂ

ਤੂੰ ਇਕ ਪਹਾੜੀ ਪਿੰਡ ਏਂ
ਅਨਾ ਤੋਲੀਆ ਦਾ
ਤੂੰ ਮੇਰਾ ਸ਼ਹਿਰ ਏਂ
ਸਭ ਤੋਂ ਸੁੰਦਰ ਤੇ ਸਭ ਤੋਂ ਵਧ ਦੁਖੀ
ਤੂੰ ਸਹਾਇਤਾ ਦੇ ਲਈ ਇਕ ਪੁਕਾਰ ਏਂ
ਮੇਰਾ ਮਤਲਬ ਤੂੰ ਮੇਰਾ ਦੇਸ਼ ਹੈਂ.
ਤੇਰੇ ਵੱਲ ਦੌੜਦੇ ਇਹ ਕਦਮ
ਇਹ ਮੈਂ ਹਾਂ (1951)
(ਹਿੰਦੀ ਚੋਂ ਰੂਪਾਂਤਰਣ)

## 13. ਮੇਰਾ ਜਨਾਜ਼ਾ

ਮੇਰਾ ਜਨਾਜ਼ਾ ਕੀ ਸਾਡੇ ਵਿਹੜੇ ਚੋਂ ਉੱਠੇਗਾ ?
ਤੀਸਰੀ ਮੰਜ਼ਲ ਤੋਂ ਕਿਵੇਂ ਉਤਾਰੋਗੇ ਮੈਨੂੰ ਯਾਰੋ ?
ਤਾਬੂਤ ਅੜੇਗਾ ਨਹੀ ਲਿਫ਼ਟ ਵਿਚ ਕਿਤੇ
ਕਿਉਂਕਿ ਪੌੜੀਆਂ ਤਾਂ ਬਹੁਤ ਹੀ ਤੰਗ ਹਨ ।
ਸ਼ਾਇਦ ਵਿਹੜੇ ਵਿਚ ਗੋਡੇ ਗੋਡੇ ਧੁੱਪ ਹੋਵੇਗੀ

ਤੇ ਕਬੂਤਰ ਵੀ
ਸ਼ਾਇਦ ਬਰਫ ਵੀ ਹੋਵੇਗੀ ਬੱਚਿਆਂ ਦੇ ਰੌਲੇ-ਗੌਲੇ
ਨਾਲ ਭਰੀ ਹੋਈ
ਸ਼ਾਇਦ ਬਾਰਸ਼ ਵੀ ਹੋਵੇ ਆਪਣੇ ਭਿੱਜੇ ਹੋਏ
ਤਾਰਕੋਲ ਸਣੇ
ਤੇ ਕੂੜੇ ਦਾਨ ਡਟੇ ਹੋਣਗੇ ਵਿਹੜੇ ਵਿਚ
ਹਮੇਸ਼ਾਂ ਦੀ ਤਰ੍ਹਾਂ ।

ਜਿਵੇਂ ਕਿ ਏਥੋਂ ਦਾ ਰਿਵਾਜ ਹੈ
ਜੇ ਮੈਨੂੰ ਰੱਖਿਆ ਗਿਆ ਟਰੱਕ ਵਿਚ ਨੰਗੇ ਮੂੰਹ



ਸੰਭਵ ਹੈ ਕੋਈ ਕਬੂਤਰ
ਬਿੱਠ ਕਰ ਦੇਵੇ ਮੇਰੇ ਮੱਥੇ ਤੇ
ਪਰ ਇਹ ਸ਼ੁਭ ਸ਼ਗਨ ਹੋਵੇਗਾ ਸਗੋਂ
ਬੈਂਡ ਵਾਲਾ ਹੋਵੇ ਜਾਂ ਨਾ ਹੋਵੇ
ਬੱਚੇ ਤਾਂ ਆਉਣਗੇ ਅਵੱਸ਼ ਮੇਰੇ ਕਰੀਬ
ਉਹਨਾਂ ਨੂੰ ਮਿਰਤਕਾਂ ਦੇ ਬਾਰੇ!
ਉਤਸਕਤਾ ਤਾਂ ਹੁੰਦੀ ਹੈ, ਜਾਨਣ ਦੀ,

ਮੇਰੀ ਰਸੋਈ ਦੀ ਖਿੜਕੀ ਸੈਨੂੰ ਜਾਂਦਾ ਹੋਇਆ
ਵੇਖੇਗੀ,
ਸਾਡੀ ਬਾਲਕੋਨੀ ਮੈਨੂੰ ਵਿਦਾ ਕਰੂਗੀ
ਤਾਰ ਤੇ ਸੁੱਕਦੇ ਕਪੜਿਆਂ ਨਾਲ
ਇਸ ਵਿਹੜੇ ਵਿਚ ਮੈਂ ਏਨਾ ਖੁਸ਼ ਹੁੰਦਾ ਸੀ,
ਕਿ ਤੁਸੀਂ ਅਨੁਭਵ ਨਹੀਂ ਕਰ ਸਕੋਗੇ
ਗਵਾਢੀਓ ।
ਮੈਂ ਤੁਹਾਡੇ ਸਾਰਿਆਂ ਲਈ
ਲੰਮੀ-ਉਮਰ ਦੀ ਅਰਦਾਸ ਕਰਦਾਂ ਹਾਂ
(ਅਪਰੈਲ 1963, ਮਾਸਕੋ)

## 14. ਬਿਨਾਂ ਸਿਰਲੇਖ ਤੋਂ

ਉਹ ਸੀ ਪੱਥਰ, ਕੈਂਹੇਂ, ਪਲੱਸਤਰ ਤੇ ਕਾਗਜ਼ ਤੀਕ
ਦੋ ਸੈਂਟੀਮੀਟਰ ਤੋਂ
ਸੱਤ ਸੈਂਟੀਮੀਟਰ ਤੀਕ
ਸ਼ਹਿਰ ਦੇ ਸਭ ਚੁਰਸਤਿਆਂ ਤੇ
ਅਸੀਂ ਉਸ ਦੇ
ਪੱਥਰ, ਕੈਂਹੇ, ਪਲੱਸਤਰ ਤੇ ਕਾਗਜ਼
ਦੇ ਬੂਟਾਂ ਥੱਲੇ ਦੱਬੇ ਹੋਏ ਸੀ
ਪਾਰਕਾਂ ਵਿਚ ਉਸ ਦੀ ਛਾਇਆ
ਸਾਡੇ ਦਰੱਖਤਾਂ ਨੂੰ ਤਾੜਦੀ ਰਹਿੰਦੀ ਸੀ

ਉਸ ਦੀਆਂ ਪੱਥਰ, ਕੈਂਹੇ. ਪਲੱਸਤਰ ਤੇ ਕਾਗਜ਼ ਦੀਆਂ ਮੁੱਛਾਂ
ਰੇਸਟੋਰੇਟਾਂ ਵਿਚ ਸਾਡੀ ਤਰਕਾਰੀ ਨਾਲ ਲਿੱਬੜ ਜਾਂਦੀਆਂ

ਆਪਣੇ ਕਮਰਿਆਂ ਵਿਚ ਵੀ
ਅਸੀਂ ਉਸ ਦੀਆਂ ਪੱਥਰ, ਕੋਹੇ, ਪਲੱਸ਼ਤਰ
ਤੇ ਕਾਗਜ਼ ਦੀਆਂ ਅੱਖਾਂ ਦੀ
ਤਾੜ ਹੇਠ ਹੁੰਦੇ।
ਇਕ ਸਵੇਰੇ ਉਹ ਅਲੋਪ ਹੋ ਗਿਆ ਅਚਾਨਕ,
ਉਸ ਦੇ ਬੂਟ ਅਲੋਪ ਹੋ ਗਏ ਸਾਡੇ ਚੌਕਾਂ ਚੋਂ
ਉਸ ਦਾ ਪ੍ਰਛਾਵਾਂ, ਅਸਾਡੇ ਰੁੱਖਾਂ ਤੋਂ
ਉਸ ਦੀਆਂ ਮੁੱਛਾਂ ਸਾਡੀ ਤਰਕਾਰੀ ਚੋਂ
ਉਸ ਦੀਆਂ ਅੱਖਾਂ ਸਾਡੇ ਕਮਰਿਆਂ ਚੋਂ
ਤੇ ਹਜ਼ਾਰਾਂ ਟਨ ਪੱਥਰ, ਕੋਹਾਂ, ਪਲੱਸਤਰ
ਤੇ ਕਾਗਜ਼ ਦਾ ਭਾਰ ਲਹਿ ਗਿਆ
ਸਾਡੀਆਂ ਪਿੱਠਾਂ ਤੋਂ

(1961, ਮਾਸਕੋ)

## 15. ਇਹ ਯਾਤਰਾ

ਅਸੀਂ ਬੂਹੇ ਖੋਲ੍ਹਦੇ ਹਾਂ
ਬੂਹੇ ਬੰਦ ਕਰਦੇ ਹਾ
ਬੂਹਿਆਂ ਚੋਂ ਲੰਘ ਜਾਂਦੇ ਹਾਂ
ਤੇ ਪਹੁੰਚ ਜਾਂਦੇ ਹਾਂ ਆਪਣੀ ਯਾਤਰਾ ਦੇ ਅੰਤ ਤੇ
ਨਾ ਕੋਈ ਸ਼ਹਿਰ
ਨਾ ਬੰਦਰਗਾਹ,
ਰੇਲ ਗੱਡੀ ਪਟੜੀਆਂ ਤੋਂ ਹੇਠਾਂ ਉੱਤਰ ਜਾਂਦੀ ਹੈ
ਸਮੁੰਦਰੀ-ਜਹਾਜ਼ ਡੁੱਬ ਜਾਂਦਾ ਹੈ
ਹਵਾਈ-ਜਹਾਜ਼ ਨਸ਼ਟ ਹੋ ਜਾਂਦਾ ਹੈ
ਬਰਫ ਤੇ ਉਕਰਿਆ ਜਾਂਦਾ ਹੈ ਨਕਸ਼ਾ
ਪਰ ਜੇ ਸੰਭਵ ਹੁੰਦਾ
ਮੈਂ ਆਰੰਭ ਕਰਦਾ ਇਸ ਸਫ਼ਰ ਨੂੰ
ਇਕ ਵਾਰ ਫੇਰ
ਇਸ ਤਰਾਂ ਹੀ ਕਰਦਾ ਇਕ ਵਾਰ ਫੇਰ।

(1958 ਲੈਨਿਨ ਗਰਾਡ)



## 16. ਵੇਟਰੈੱਸ

ਬਰਲਿਨ ਦੇ ਅਸਤੋਰੀਆ ਰੇਸਟੋਰੈਂਟ ਦੀ ਇਕ ਵੇਟਰੈੱਸ
ਬੜੀ ਲੰਹਰੇ ਦੀ ਕੁੜੀ ਸੀ
ਆਪਣੀਆਂ ਭਾਰੀ ਪਲੇਟਾਂ ਦੇ ਪਾਰੋਂ
ਉਹ ਮੇਰੇ ਵੱਲ ਵੇਖ ਕੇ ਮੁਸਕਰਾਉਂਦੀ
ਮੈਨੂੰ ਉਹ, ਪਿੱਛੇ ਛੱਡ ਆਏ ਆਪਣੇ ਵਤਨ ਦੀਆਂ
ਲੜਕੀਆ ਵਰਗੀ ਜਾਪਦੀ
ਕਦੇ-ਕਦੇ ਉਸ ਦੀਆਂ ਅੱਖਾਂ ਹੇਠ
ਕਾਲੇ ਦਾਇਰੇ ਹੁੰਦੇ
ਖ਼ਬਰ ਨਹੀਂ ਕਿਹੜੀ ਗਲੋਂ
ਮੈਨੂੰ ਅਜੇ ਤੀਕ ਉਹਦੇ ਵਾਲੀ
ਕਿਸੇ ਮੇਜ਼ ਤੇ ਬੈਠਣ ਦਾ ਮੌਕਾ ਨਹੀਂ ਮਿਲਿਆ

ਉਹ ਕਦੇ ਨਹੀਂ ਬੈਠਾ
ਮੇਰੇ ਨਾਲ ਇਕ ਮੇਜ਼ ਤੇ
ਉਹ ਜੋ ਇਕ ਬੁੱਢਾ ਆਦਮੀ ਸੀ
ਸ਼ਾਇਦ ਉਹ ਬੀਮਾਰ ਰਿਹਾ ਹੋਵੇਗਾ
ਖਾਣਾ ਬੜੇ ਹੀ ਸੰਕੋਚ ਨਾਲ ਖਾਂਦਾ ਸੀ ਉਹ
ਕਿੰਨੀਆਂ ਉਦਾਸ ਨਜ਼ਰਾਂ ਨਾਲ
ਉਹ ਮੇਰੇ ਚਿਹਰੇ ਵੱਲ ਵੇਖਦਾ
ਪਰ ਉਹ ਜਰਮਨ-ਭਾਸ਼ਾ ਨਹੀਂ ਸੀ ਬੋਲ ਸਕਦਾ

ਉਹ ਲਗਾਤਾਰ ਤਿੰਨ ਮਹੀਨੇ ਤੀਕ ਆਉਂਦਾ ਰਿਹਾ
ਤਿੰਨੇ ਵੇਲੇ ਦੇ ਭੋਜਨ ਲਈ
ਫਿਰ ਉਹ ਅਚਾਨਕ ਅਲੋਪ ਹੋ ਗਿਆ
ਸੰਭਵ ਹੈ ਉਹ ਆਪਣੇ ਵਤਨ ਵਾਪਸ
ਪਰਤ ਗਿਆ ਹੋਵੇ
ਸੰਭਵ ਹੈ ਉਹ ਵਤਨ ਪਰਤਣ ਤੋਂ ਪਹਿਲਾਂ ਹੀ
ਮਰ ਗਿਆ ਹੋਵੇ।

(23 ਜੁਲਾਈ 1959)

## 17. ਬੁਢਾਪੇ ਦਾ ਅਹਿਸਾਸ

ਮੈਂ ਹੁਣ ਬੁਢਾਪੇ ਦਾ ਆਦੀ ਹੋ ਗਿਆ ਹਾਂ
ਦੁਨੀਆਂ ਦੀ ਸਭ ਤੋਂ ਕਠਨ ਕਲਾ ਹੈ ਇਹ ।
ਦਰਵਾਜ਼ੇ ਤੇ ਆਖਰੀ ਵਾਰ ਦਸਤਕ ਦਿੰਦਾ ਹੋਇਆ
ਅੰਤਹੀਣ ਵਿਛੋੜਾ
ਘੰਟੇ ਬੀਤਦੇ ਨੇ, ਤੇ ਬੀਤਦੇ ਚਲੇ ਜਾਂਦੇ ਨੇ
ਮੈਂ ਆਸ ਦੇ ਮਰ ਜਾਣ ਦੀ ਆਖਰੀ
ਹੱਦ ਨੂੰ ਸਮਝਣਾ ਚਾਹੁੰਦਾ ਹਾਂ
ਮੈਂ ਤੈਨੂੰ ਕੁਝ ਕਹਿਣਾ ਚਾਹੁੰਦਾ ਸੀ,
ਪਰ ਕਹਿ ਨਹੀਂ ਸਕਿਆ ।

ਸੰਸਾਰ ਦਾ ਸੁਆਦ "ਅੱਲ ਸੁਬਾਹ" ਦੀ
ਸਿਗਰਟ ਦੇ ਸੁਆਦ ਵਰਗਾ ਲੱਗਦਾ ਹੈ
ਮੌਤ ਨੇ ਭੇਜੀ ਹੈ ਪਹਿਲਾਂ
ਮੇਰੇ ਤੀਕ ਆਪਣੀ ਇਕੱਲਤਾ
ਮੈਨੂੰ ਈਰਖਾ ਹੈ ਉਨ੍ਹਾਂ ਨਾਲ
ਜੋ ਇਹ ਜਾਣਦੇ ਤੱਕ ਨਹੀਂ
ਕਿ ਉਹ ਬੁੱਢੇ ਹੋ ਰਹੇ ਨੇ
ਉਹ ਇਸ ਕਦਰ ਖੁੱਭੇ ਗਏ ਨੇ ਆਪਣੇ ਕੰਮਾਂ ਵਿਚ ।

(12 ਜਨਵਰੀ, 1963)

## 18. ਪਤਨੀ ਦੇ ਨਾਂ ਪੱਤਰ

ਮੌਤ ਤੇ ਜਿੱਤ ਦੀਆਂ ਖਬਰਾਂ ਦਰਮਿਆਨ
ਜੇਲ੍ਹ ਦੀ ਕਾਲ-ਕੋਠੜੀ ਵਿਚ
ਕਿੰਨਾ ਅਜੀਬ ਲੱਗਦਾ ਹੈ
ਤੇਰੇ ਬਾਰੇ ਸੋਚਣਾ
ਚਾਲੀਆਂ ਨੂੰ ਟੱਪ ਕੇ ।
ਕਿੰਨਾ ਅਸਚਰਜ ਹੈ
ਫੇਰ ਤੋਂ ਤੇਰੇ ਬਾਰੇ ਸੋਚਣਾ
ਯਾਦ ਕਰਨਾ
ਨੀਲੇ ਕੱਪੜੇ ਉੱਤੇ ਰੱਖੇ



ਤੇਰੇ ਸੁਹਲ ਹੱਥਾਂ ਨੂੰ
ਤੇਰੇ ਕੂਲੇ ਵਾਲਾਂ ਨੂੰ
ਆਪਣੇ ਪਿਆਰੇ 'ਇਸਤੰਬੋਲ' ਦੀ
ਮਾਣ ਭਰੀ ਮਿੱਟੀ ਦੀ ਕੋਮਲਤਾ ਨੂੰ

ਤੈਨੂੰ ਪਿਆਰ ਕਰਨ ਦੀ ਖ਼ੁਸ਼ੀ
ਆਪਣੇ ਅੰਦਰ ਤੈਨੂੰ ਵਸਾ ਲੈਣ ਵਾਂਗ ਹੈ
ਜੀਰੇਨੀਅਮ ਦੇ ਪੱਤਿਆਂ ਦੀ ਭਿੰਨੀ ਖ਼ੁਸ਼ਬੂ
ਜਿਹੜੀ ਉਮਡਦੀ ਹੈ ਤੇਰੀਆਂ ਉਂਗਲੀਆਂ
ਦੇ ਪੋਟਿਆਂ 'ਚੋਂ
ਧੁਪੀਲੀ ਸ਼ਾਂਤੀ
ਜਿਸਮ ਦੀ ਦਾਅਵਤ
ਜਿਵੇਂ ਸੰਘਣੇ ਕਾਲੇ ਹਨੇਰੇ 'ਚ
ਚਮਕੀਲੀਆਂ ਲਾਲ ਧਾਰੀਆਂ ਹੋਣ

ਕਿੰਨੇ ਆਨੰਦ ਵਾਲੀ ਹੈ ਗੱਲ
ਫੇਰ ਤੋਂ ਤੇਰੇ ਬਾਰੇ ਸੋਚਣਾ
ਕਾਲ-ਕੋਠੜੀ ਵਿਚ ਚੁਫਾਲ ਲੇਟੇ
ਤੇਰੇ ਬਾਰੇ ਸੋਚਣਾ
ਸੋਚਣਾ
ਕਿ ਤੂੰ ਇਹ ਕਿਹਾ ਸੀ, ਔਹ ਕਿਹਾ, ਸੀ
ਫਲਾਣੀ-ਧੀਂਗੜੀ ਥਾਂ ਤੇ
ਸ਼ਬਦਾਂ ਦਾ ਨਹੀਂ, ਬੱਸ ਤੇਰੀ ਮਨ-ਮੋਹਣੀ ਆਵਾਜ਼ ਦਾ ਜਾਦੂ

ਤੇਰੇ ਬਾਰੇ ਸੋਚਣਾ ਕਿੰਨਾ ਚੰਗਾ ਲੱਗਦਾ
ਫੇਰ ਇਕ ਵਾਰ ਤਰਾਸ਼ਣੀ ਚਾਹੀਦੀ ਮੈਨੂੰ
ਤੇਰੇ ਲਈ ਲੱਕੜੀ ਦੀ ਸੁਗਾਤ ਕੋਈ,
ਤੇਰੇ ਲਈ ਬਣਾਵਾਂ ਇਕ ਦਰਾਜ਼
ਇਕ ਛੱਲਾ
ਉਣਨਾ ਚਾਹੀਦਾ ਮੈਨੂੰ
ਘੱਟੋ-ਘੱਟ ਤਿੰਨ ਗਜ਼ ਕੱਪੜਾ
ਸੁਦਰ ਰੇਸ਼ਮ ਦਾ

ਫਿਰ ਛਾਲ ਮਾਰ ਕੇ ਉਠਾਂਗਾ ।
ਆਪਣੇ ਪੈਰਾਂ ਤੇ
ਤੇ ਸੀਖਾਂ ਨੂੰ ਫੜ
ਪੂਰੇ ਜ਼ੋਰ ਨਾਲ ਬੋਲਾਂਗਾ
ਗੂੰਜਣ ਲੱਗ ਪੈਣ ਉਹ ਸਾਰੀਆਂ ਕਵਿਤਾਵਾਂ
ਜਿਹੜੀਆਂ ਮੈਂ ਤੇਰੇ ਬਾਰੇ ਲਿਖੀਆਂ ਹਨ
ਵੇਖਦਾ ਰਹਾਂ ਆਜ਼ਾਦੀ ਦੀ ਨਿਰਮਲ ਆਭਾ ਨੂੰ
ਕਿੰਨਾ ਆਨੰਦ-ਮਈ ਹੈ
ਤੈਨੂੰ ਯਾਦ ਕਰਨਾ ਇਸ ਵੇਲੇ
ਮੌਤ ਤੇ ਜਿੱਤ ਦੀਆਂ ਖ਼ਬਰਾਂ ਦੇ ਵਿਚਕਾਰ,
ਆਪਣੀ ਕਾਲ-ਕੋਠੜੀ ਵਿਚ
ਚਾਲੀਆਂ ਵਰ੍ਹਿਆਂ ਦੇ ਹੋ ਜਾਣ ਤੇ ਵੀ ।

(ਹਿਦੀ ਚੋਂ)

## 19. ਜਾਗ

ਤੂੰ ਜਾਗਿਆ
ਕਿੱਥੇ ਹੈਂ ਤੂੰ ?
ਘਰ ਵਿਚ ?
ਆਦੀ ਨਹੀਂ ਹੋ ਰਿਹਾ ਤੂੰ
ਆਪਣੇ ਹੀ ਘਰ 'ਚ ਜਾਗਣ ਦਾ ।
ਇਹ ਹੈ ਉਹ ਭੁਚੱਕਾਪਨ
ਜਿਸ ਵਿਚ ਤੇਰਾਂ ਸਾਲਾਂ ਦੀ ਕੈਦ
ਤੁਹਾਨੂੰ ਛੱਡ ਜਾਂਦੀ ਹੈ
ਤੇਰੀ ਬਗਲ ਵਿਚ ਕੌਣ ਸੁੱਤੀ ਪਈ ਹੈ
ਤੇਰੀ ਇਕੱਲਤਾ ਨਹੀਂ,
ਤੇਰੀ ਪਤਨੀ ਹੈ
ਉਹ ਸੌਂ ਰਹੀ ਸ਼ਾਂਤ
ਕਿਸੇ ਫਰਿਸ਼ਤੇ ਦੇ ਵਾਂਗ
ਗਰਭਵਤੀ, ਨਿੱਖਰਦੀ ਆ ਰਹੀ ਪਤਨੀ
ਕਿੰਨੇ ਵਜੇ ਹਨ ?
ਅੱਠ ?
ਹੁਣ ਤੂੰ ਰਾਤ ਤੀਕ ਸੁਰੱਖਿਅਤ ਹੈਂ
ਕਿਉਂਕਿ ਇਹ ਦਸਤੂਰ ਹੈ ਏਥੋਂ ਦਾ
ਕਿ ਪੁਲਸ ਛਾਪਾ ਨਹੀਂ ਮਾਰਦੀ
ਦਿਨ-ਦਿਹਾੜੇ ।        (1950)



## 20. ਖਤ

ਦੇਰ ਰਾਤ ਗਈ ਤੇ
ਇਕ ਖ਼ਿਜ਼ਾਂ ਦੀ ਰਾਤ ਵਿਚ
ਮੈਂ ਤੇਰੇ ਬੋਲੇ ਸ਼ਬਦਾਂ ਨਾਲ
ਭਰਿਆ ਪਿਆ ਹਾਂ
ਸ਼ਬਦ
ਸਮੇਂ ਤੇ ਪਦਾਰਥ ਵਾਂਗ ਸਦੀਵੀ
ਅੱਖ ਵਾਂਗ ਨੰਗੇ
ਹੱਥ ਵਾਂਗ ਭਾਰੇ
ਸਿਤਾਰਿਆਂ ਵਾਂਗ
ਸਪੱਸ਼ਟ ਤੇ ਚਮਕਦੇ

ਤੇਰੇ ਸ਼ਬਦ ਮੇਰੇ ਕੋਲ
ਤੇਰੇ ਦਿਲ,
ਤੇਰੇ ਦਿਮਾਗ
ਤੇ ਮਾਸ ਚੋਂ ਆਏ ਸੀ

ਤੇਰੇ ਸ਼ਬਦਾਂ ਨੇ ਮੇਰੇ ਲਈ ਲਿਆਂਦੇ,
'ਇਹ ਮਾਂ ਹੈ',
ਇਹ ਔਰਤ ਹੈ
ਇਹ ਜੀਵਣ-ਸਾਥਣ ਹੈ,
ਦੁਖਦਾਈ, ਪੀੜਾਂ ਭਰੇ
ਖੁਸ਼ੀ ਭਰੇ, ਆਸਾਂ ਭਰੇ
ਬਹਾਦਰੀ-ਭਰੇ, ਮਨੁੱਖੀ ਸ਼ਬਦ ।

## 21. ਇਸ ਤਰ੍ਹਾਂ

ਮੈਂ ਫੈਲ ਰਹੀ ਰੌਸ਼ਨੀ ਦੇ ਵਿਚਕਾਰ ਖਲੋਤਾ ਹਾਂ
ਧਰਤੀ ਦਾ ਸੁਹੱਪਣ ਮੇਰੀ ਛੂਹ ਕਾਰਨ ਹੈ
ਰੁੱਖਾਂ ਵੱਲ ਤੱਕਣੋਂ ਮੈਂ ਕਿਵੇਂ ਰੁੱਕ ਜਾਵਾਂ
ਕਿੰਨੇ ਆਸਾਂ ਭਰੇ ਤੇ ਹਰੇ ਭਰੇ ਨੇ ਇਹ ਬਿਰਖ,
ਸ਼ਹਿਤੂਤਾਂ ਦੇ ਰੁੱਖਾਂ ਤੋਂ ਪਰੇ ਤੀਕ
ਧੁੱਪ ਵਾਲਾ ਰਾਹ ਫੈਲਿਆ ਹੋਇਆ ਹੈ

ਜੇਲ੍ਹ ਦੇ ਹਸਪਤਾਲ ਦੀ ਤਾਕੀ ਦੇ ਕੋਲ ਖਲੋਤਾ ।
ਮੈਂ ਦਵਾਈਆਂ ਦੀ ਹੁਮ੍ਹਕ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹਾਂ
ਦੂਰ ਪਰੇ ਕਿਤੇ
ਗੁਲਾਬੀ ਫੁੱਲ ਮਹਿਕ ਰਹੇ ਹੋਣਗੇ
ਮੇਰੇ ਮਿੱਤਰ !
ਇੰਝ ਹੀ ਹੁੰਦਾ ਹੈ
ਗ੍ਰਿਫਤਾਰ ਹੋ ਜਾਣਾ ਵੱਖਰੀ ਗੱਲ ਹੈ
ਸਵਾਲ ਤਾਂ ਇਹ ਹੈ ਕਿ
ਈਨ ਨਾ ਮੰਨੀ ਜਾਵੇ ।

## 22. ਰਾਤ ਸਮੇਂ ਦੀ ਬਰਫ਼ਬਾਰੀ

(ਸਪੇਨ ਦੇ ਗ੍ਰਹਿ-ਯੁੱਧ ਬਾਰੇ)
ਨਾ ਪ੍ਰਾਸਰੀਰਕ ਦੁਨੀਆਂ ਤੋਂ ਕੋਈ ਆਵਾਜ਼ ਆਉਂਦੀ ਹੈ
ਨਾ ਹੀ ਪੰਗਤੀਆਂ ਵਿਚ ਕੋਈ ਅਪਹੁੰਚ ਚੀਜ਼
ਫੜ ਹੁੰਦੀ ਹੈ ।
ਨਾ ਹੀ ਸੁਨਿਆਰੇ ਵਾਂਗ
ਕੋਈ ਸੰਪੂਰਨ ਬੰਦ ਹੀ ਲੱਭਦਾ ਹੈ ਕਿ ਕਹਾਂ,
'ਕਿੰਨਾ ਅਸਚਰਜ ਮੁਹਾਵਰਾ ਹੈ
ਕਿੰਨਾ ਸੁੰਦਰ ਵਾਕ !'
ਰੱਬ ਦਾ ਸ਼ੁਕਰ
ਅੱਜ ਦੀ ਰਾਤ

ਮੈਂ ਇਹਨਾਂ ਸਭ ਨਗੁਣੀਆਂ ਚੀਜਾਂ ਤੋਂ ਉੱਪਰ ਹਾਂ
ਅੱਜ ਦੀ ਰਾਤ
ਮੈਂ ਗਲੀ ਵਿਚ ਗਾਉਣ ਵਾਲਾ
ਉਹ ਗਵੱਈਆਂ ਹਾਂ,
ਜਿਸ ਦੀ ਆਵਾਜ਼ ਪਾਈ ਹੋਈ ਹੋਵੇ
ਆਵਾਜ਼ ਜਿਹੜੀ ਤੂੰ
'ਮੈਡਰਿਡ' ਦੇ ਦਰਵਾਜ਼ਿਆਂ ਤੇ
ਸੁਣ ਨਹੀਂ ਸਕਦਾ



ਰਾਤ ਨੂੰ ਬਰਫ਼ ਪੈ ਰਹੀ ਹੈ,
ਤੇ ਤੇਰੇ ਸਾਹਮਣੇ
ਉਹ ਫੌਜ ਤਾਇਨਾਤ ਹੈ
ਜਿਹੜੀ ਸਾਡੇ ਕੀਮਤੀ ਖਜ਼ਾਨੇ
ਤਬਾਹ ਕਰ ਰਹੀ ਹੈ,
ਆਸ਼ਾ, ਪਿਆਰ: ਆਜ਼ਾਦੀ
ਤੇ ਸਾਡੇ ਬੱਚੇ ਵੀ ।

ਬਰਫ਼ ਨਿਰੰਤਰ ਪੈ ਰਹੀ ਹੈ
ਤੇ ਸ਼ਾਇਦ ਤੇਰੇ ਗਿੱਲੇ ਪੈਰ, ਬਰਫ਼ ਤੇ ਤੁਰਦੇ
ਸਖ਼ਤ ਸਰਦੀ ਮਹਿਸੂਸ ਕਰ ਰਹੇ ਹੋਣਗੇ
ਮੈਂ ਤੇਰੇ ਬਾਰੇ ਸੋਚ ਰਿਹਾ ਹਾਂ
ਹੁਣੇ ਹੀ,
ਕੋਈ ਗੋਲੀ ਤੇਰੇ ਜਿਸਮ ਵਿਚ ਆ
ਠੰਢੀ ਹੋ ਜਾਵੇਗੀ
ਤੇ ਫਿਰ ਨਾ ਬਰਫ਼, ਨਾ ਹਵਾ ਤੇ ਨਾ ਰਾਤ
ਹੀ ਮਹਿਸੂਸ ਹੋਵੇਗੀ ।

ਬਰਫ਼ ਪੈ ਰਹੀ ਹੈ
ਤੇ 'ਮੈਡਰਿਡ' ਦੀ ਰਖਵਾਲੀ ਕਰਨ ਤੋਂ ਪਹਿਲਾਂ
ਤੂੰ ਖੌਰੇ ਕਿੱਥੇ ਸੀ ?

ਤੂੰ ਕੌਣ ਸੀ ?
ਕਿੱਥੇ ਸੀ ? ਕੀ ਕਰਦਾ ਸੀ ?
ਮੈਨੂੰ ਨਹੀਂ ਪਤਾ ਇਹਨਾਂ ਗੱਲਾਂ ਦਾ,
ਮਿਸਾਲ ਵਜੋਂ,
ਸ਼ਾਇਦ ਤੂੰ ਅਸਤੂਰੀਆਂ ਦੀਆਂ
ਕੋਲੇ ਦੀਆਂ ਖਾਣਾਂ ਤੋਂ ਆਇਆ ਹੋਵੇਂ
ਤੇ ਤੇਰੇ ਸਿਰ ਦਾ ਟੋਪ
ਉੱਤਰ ਵਿਚ ਲੱਗੇ ਤੇਰੇ ਜ਼ਖ਼ਮ ਨੂੰ
ਲੁਕਾ ਰਿਹਾ ਹੋਵੇ ।

ਸ਼ਾਇਦ ਤੂੰ ਸ਼ਹਿਰ ਦੇ ਲਾਗਲੇ ਇਲਾਕੇ
ਵਿਚ ਲੜਦਿਆਂ ਆਖਰੀ ਗੋਲੀ ਚਲਾਈ ਹੋਵੇ
ਜਦੋਂ ਕਿ 'ਹੁਗੋ ਜੰਕਰਜ਼' ਦੇ ਹਵਾਈ-ਜਹਾਜ਼
'ਬਿਲਬਾਓ' ਸ਼ਹਿਰ ਨੂੰ ਤਬਾਹ ਕਰ ਰਹੇ ਸਨ ।

ਸ਼ਾਇਦ ਤੂੰ 'ਕਾਊਂਟ ਫਰਨੈਂਡੋ'
ਦੇ ਫਾਰਮ ਤੇ ਗੁਲਾਮੀ ਕਰ ਰਿਹਾ ਸੀ
ਸ਼ਾਇਦ ਪਲਾਜ਼ਾ-ਡੇਲ-ਸੋਲ ਵਿਚ
ਤੂੰ ਲੂਣ-ਤੇਲ ਦੀ ਹੱਟੀ ਚਲਾ ਰਿਹਾ ਸੀ
ਤੇ ਸਪਨ ਦੇ ਰੰਗ-ਬਰੰਗੇ ਫਲ ਵੇਚ ਰਿਹਾ ਸੀ

ਸ਼ਾਇਦ ਤੇਰੇ ਪੱਲੇ ਕੋਈ ਵੀ ਹੁਨਰ ਨਹੀਂ ਸੀ
ਪਰ ਤੈਨੂੰ ਗਾਉਣਾ ਆਉਂਦਾ ਸੀ
ਤੂੰ, ਫਲਾਸਫ਼ੀ ਜਾ ਕਾਨੂੰਨ ਦੀ ਪੜ੍ਹਾਈ ਕਰ ਰਿਹਾ ਸੀ
ਤੇ ਤੇਰੀਆਂ ਸਭ ਕਿਤਾਬਾਂ, ਯੂਨੀਵਰਸਟੀ ਦੇ ਨੇੜੇ
ਇਟਲੀ ਦੇ ਟੈਂਕਾਂ ਥੱਲੇ ਆ ਕੇ ਮਿੱਧੀਆਂ
ਗਈਆਂ ਹੋਣ ।

ਸ਼ਾਇਦ ਤੇਰਾ ਕੋਈ ਵੀ ਧਰਮ ਨਹੀਂ ਸੀ,
ਜਾਂ ਤੇਰੇ ਗਲ ਵਿਚ, ਡੋਰ ਨਾਲ ਬੱਧੀ
ਕੋਈ ਸਲੀਬ ਹੋਵੇ ।

ਮੈਂ ਤੇਰਾ ਚਿਹਰਾ ਕਦੇ ਨਹੀਂ ਵੇਖਿਆ
ਤੇ ਨਾ ਹੀ ਵੇਖ ਸਕਾਂਗਾ
ਪਰ ਕਿਸੇ ਨਾ ਕਿਸੇ ਤਰ੍ਹਾਂ
ਮੈਂ ਤੇਰੇ ਬਾਰੇ ਸੋਚਦਾ ਹਾਂ
ਜਿਵੇਂ ਉਹਨਾਂ ਬਾਰੇ
ਜਿਹਨਾਂ ਸਾਇਬੇਰੀਆ ਵਿਚ 'ਕੋਲਚੱਕ' ਨੂੰ
ਹਰਾਇਆ ਸੀ
ਜਾਂ ਉਸ ਸਿਪਾਹੀ ਵਾਂਗ
ਜਿਹੜਾ ਡੁਮਲੁਪਿਨਾਰ ਜਾਂ ਰੋਬਸਪੀਅਰ
ਵਿਚ ਲੜਦਾ ਮਾਰਿਆ ਗਿਆ ਸੀ



ਤੂੰ ਮੇਰੇ ਬਾਰੇ ਨਹੀਂ ਸੁਣਿਆ ਤੇ ਨਾ ਹੀ ਸੁਣ ਸਕੇਂਗਾ
ਸਾਡੇ ਦਰਮਿਆਨ ਪਹਾੜ ਨੇ
ਤੇ ਸਮੁੰਦਰ
ਤੇ ਇਰ ਗਰਕ ਜਾਣੀ ਜੇਲ੍ਹ ਯਾਤਰਾ ਹੈ
ਤੇ ਦਖਲ ਨਾ ਦੇਣ ਦੀ ਨੀਤੀ,

ਨਾ ਮੈਂ ਤੇਰੇ ਕੋਲ ਆ ਸਕਦਾ ਹਾਂ
ਤੇ ਨਾ ਤੈਨੂੰ ਗੋਲੀ-ਸਿੱਕੇ ਦੀ ਪੇਟੀ
ਘਲਾ ਸਕਦਾ ਹਾਂ
ਨਾ ਤਾਜ਼ਾ ਅੰਡੇ
ਨਾ ਗਰਮ ਜਿਰਾਬਾਂ ਦਾ ਜੋੜਾ

ਐਪਰ ਮੈਨੂੰ ਪਤਾ ਹੈ
ਕਿ ਇਸ ਠੰਡੀ, ਬਰਫੀਲੀ ਰਾਤ ਵਿਚ
'ਮੈਡਰਿਡ' ਦੇ ਦਰਵਾਜ਼ਿਆਂ ਦੀ ਰਾਖੀ ਕਰਦੇ ਹੋਏ
ਤੇਰੇ ਪੈਰ, ਦੋ ਨਿੱਕੇ ਨੰਗੇ ਪੈਰ ਬੱਚਿਆਂ ਵਾਂਗ
ਠੰਢ ਨਾਲ ਕੰਬ ਰਹੇ ਹਨ ।

ਮੈਂ ਜਾਣਦਾ ਹਾਂ
ਸਾਰੇ ਮਹਾਨ ਆਦਰਸ਼
ਸਭ ਸੁੰਦਰ ਚੀਜ਼ਾਂ
ਤੇ ਹੋਰ ਜੋ ਵੀ ਮਨੁੱਖ ਨੇ ਸਿਰਜਿਆ ਹੈ,
ਤੇ ਬੇਬਹਾ ਤਾਂਘ, ਤੇ ਮੇਰਾ ਭੋਂ ਹੇਰਵਾ
'ਮੈਡਰਿਡ' ਦੇ ਦਰਵਾਜ਼ਿਆਂ ਦੀ ਰਾਖੀ ਕਰ ਰਹੇ
ਪਹਿਰੇਦਾਰ ਦੀਆਂ ਅੱਖਾਂ ਵਿੱਚ
ਵੱਸਦਾ ਹੈ,
ਤੇ ਮੈਂ ਉਸਨੂੰ ਪਿਆਰ ਕਰਨ ਤੋਂ ਸਿਵਾਏ
ਕੁਝ ਨਹੀਂ ਕਰ ਸਕਦਾ,
ਅੱਜ, ਅੱਜ ਦੀ ਰਾਤ ਤੇ ਭਲਕੇ ਵੀ ।

(ਅੰਗਰੇਜ਼ੀ 'ਚੋਂ, 1937)

# 23. ਜਿਊਣ ਦੇ ਸਬੰਧ ਵਿਚ

## I

ਜਿਊਣਾ ਕੋਈ ਮਜ਼ਾਕ ਨਹੀਂ
ਤੁਹਾਨੂੰ ਬੜੀ ਸੰਜੀਦਗੀ ਨਾਲ ਜਿਊਣਾ ਚਾਹੀਦੈ
ਮਿਸਾਲ ਵਜੋਂ ਕਿਸੇ ਕਾਟੋ ਵਾਂਗ—
ਮੇਰਾ ਮਤਲਬ ਐ ਬਹੁਤ ਦੂਰ
ਅਤੇ ਉਪਰਲੀ ਕਿਸੀ ਚੀਜ਼ ਨੂੰ ਲੱਭੇ ਬਿਨਾਂ
ਅਰਥਾਤ ਜਿਊਂਦੇ ਰਹਿਣਾ ਤੁਹਾਡਾ ਟੀਚਾ ਹੋਵੇ।

ਜੀਊਣਾ ਕੋਈ ਮਖੌਲ ਨਹੀਂ ਹੈ।
ਤੁਹਾਨੂੰ ਇਸ ਹੱਦ ਤੱਕ ਡੂੰਘਾਈ 'ਚ ਉਤਰਨਾ ਚਾਹੀਦੈ
ਕਿ ਮਿਸਾਲ ਵਜੋਂ
ਤੁਹਾਡੇ ਹੱਥ ਪਿਛਾਂਹ ਬੰਨ੍ਹੇ ਹੋਣ,
ਕਿਸੇ ਕੰਧ ਦੇ ਆਰ-ਪਾਰ ਲਮਕਾਏ ਜਾ ਰਹੇ ਹੋਵੋ
ਜਾਂ ਫਿਰ ਕਿਸੇ ਤਸੀਹਾ-ਕੇਂਦਰ 'ਚ
ਆਪਣੇ ਚਿੱਟੇ ਕੋਟ ਅਤੇ ਐਨਕਾਂ ਲਾਈ
ਤੁਸੀਂ ਮਰ ਸਕੋ ਲੋਕਾਂ ਲਈ—
ਉਨ੍ਹਾਂ ਲੋਕਾਂ ਲਈ ਵੀ
ਜਿਨ੍ਹਾਂ ਦੇ ਚਿਹਰੇ ਤੁਸਾਂ ਅੱਜ ਤੱਕ ਨਹੀਂ ਵੇਖੇ,
ਕਿਉਂਕਿ ਜਾਣਦ ਹੋ ਤੁਸੀਂ
ਕਿ ਜ਼ਿੰਦਗੀ ਸਭ ਤੋਂ ਵੱਧ ਅਸਲੀਅਤ ਭਰੀ
ਤੇ ਸਭ ਤੋਂ ਸੋਹਣੀ ਚੀਜ਼ ਹੈ।
ਮੇਰਾ ਮਤਲਬ ਹੈ, ਤੁਸੀਂ ਏਨੀ ਗੰਭੀਰਤਾ ਨਾਲ ਸਮਝੋ ਜੀਵਨ ਨੂੰ
ਕਿ ਮਿਸਾਲ ਦ ਤੌਰ ਤੇ
ਸੱਤ੍ਰਰਵਿਆਂ ਤੱਕ ਪਹੁੰਚ ਕੇ ਵੀ ਜੈਤੂਨ ਦਾ ਪੌਦਾ ਉਗਾ ਸਕੋ।
ਅਤੇ ਇਹ ਨਹੀਂ ਕਿ ਆਪਣੇ ਬੱਚਿਆਂ ਲਈ
ਸਗੋਂ ਇਸ ਲਈ ਕਿ ਭਾਵੇਂ ਤੁਸੀਂ ਮੌਤੋਂ ਡਰਦੇ ਹੋ
ਪਰ ਉਸ 'ਤੇ ਭਰੋਸਾ ਨਹੀਂ ਕਰਦੇ।
ਕਿਉਂਕਿ ਜ਼ਿੰਦਗੀ, ਮੇਰਾ ਭਾਵ ਐ, ਵਜ਼ਨਦਾਰ ਚੀਜ਼ ਹੈ।



## II

ਮੰਨ ਲਓ ਆਪਾਂ ਬਹੁਤ ਬੀਮਾਰ ਹਾਂ, ਅਪ੍ਰੇਸ਼ਨ ਦੀ ਲੋੜ ਪਊ
ਜਿਸ ਦਾ ਮਤਲਬ ਐ ਕਿ ਹੋ ਸਕਦੈ—ਉੱਠ ਹੀ ਨਾ ਸਕੀਏ
ਕਿ ਅਸੀਂ ਉਸ ਚਿੱਟੇ ਮੇਜ਼ ਤੋਂ ਹੀ
ਕਿਉਂਕਿ ਇਹ ਅਸੰਭਵ ਹੈ, ਅਫਸੋਸ ਮਹਿਸੂਸ ਨਾ ਕਰਨਾ
ਜ਼ਰਾ ਜਲਦੀ ਹੀ ਚਲੇ ਜਾਣ ਦੇ ਬਾਰੇ 'ਚ
ਅਸੀਂ ਫਿਰ ਵੀ ਹੱਸਾਂਗੇ, ਚੁਟਕਲੇ ਸੁਣ ਸੁਣ ਕੇ,
ਬਾਰੀ 'ਚੋਂ ਬਾਹਰ ਵੇਖਾਂਗੇ ਕਿ ਮੀਂਹ ਤਾਂ ਨਹੀਂ ਪੈ ਰਿਹਾ
ਜਾਂ ਫਿਕਰਮੰਦੀ 'ਚ ਤਾਜ਼ੀ ਖ਼ਬਰ ਨੂੰ ਉਡੀਕਾਂਗੇ।......

ਮੰਨ ਲਓ ਅਸੀਂ ਸਰਹੱਦ ਤੇ ਡਟੇ ਹੋਏ ਹਾਂ
ਲੜਨ ਯੋਗ ਕਿਸੀ ਚੀਜ਼ ਲਈ।
ਉੱਥੇ, ਪਹਿਲੇ ਈ ਹਮਲੇ 'ਚ ਉਸੀ ਦਿਨ
ਲਾਸ਼ ਵਾਂਗ ਮੂਧੇ ਮੂੰਹ ਡਿੱਗ ਸਕਦੇ ਹਾਂ।
ਅਸ਼ੀਂ ਜਾਣਦੇ ਹੋਵਾਂਗੇ ਇਹਨੂੰ ਅਜੀਬ ਗੁੱਸੇ ਨਾਲ,
ਫਿਰ ਵੀ ਅਸੀਂ ਸੋਚਦੇ-ਸੋਚਦੇ
ਆਪਣੇ ਆਪ ਨੂੰ ਮਰਵਾ ਲਵਾਂਗੇ।
ਉਸ ਜੰਗ ਦੇ ਨਤੀਜੇ ਬਾਰੇ ਜੋ ਸਾਲਾਂ-ਬੱਧੀ ਜਾਰੀ ਰਹਿ ਸਕਦੀ ਹੈ

ਮੰਨ ਲਓ ਅਸੀਂ ਜੇਲ੍ਹ 'ਚ ਹਾਂ
ਪੰਜਾਹਵਿਆਂ ਤੱਕ ਪਹੁੰਚ ਚੁੱਕੇ ਹਾਂ।
ਹਿਸਾਬ ਲਾਓ ਕਿ ਅਜੇ ਅਠਾਰਾਂ ਸਾਲ ਬਾਕੀ ਹਨ।
ਲੋਹੇ ਦੇ ਫਾਟਕਾਂ ਦੇ ਖੁੱਲ੍ਹਣ 'ਚ।
ਅਸੀਂ ਫਿਰ ਵੀ ਜੀਵਾਂਗੇ ਬਾਹਰਲੀ ਦੁਨੀਆਂ ਦੇ ਨਾਲ।
ਇਸ ਦੇ ਲੋਕਾਂ, ਪਸ਼ੂਆਂ ਸੰਘਰਸ਼ਾਂ ਅਤੇ ਹਵਾ ਦੇ ਨਾਲ
ਮੇਰਾ ਮਤਲਬ ਐ ਉੱਚੀਆਂ ਕੰਧਾਂ ਤੋਂ ਪਾਰਲੀ
ਦੁਨੀਆਂ ਦੇ ਨਾਲ।
ਮੇਰਾ ਮਤਲਬ ਐ ਹਰ ਹਾਲਤ 'ਚ
ਸਾਨੂੰ ਇੰਝ ਜੀਊਣਾ ਚਾਹੀਦਾ
ਕਿ ਅਸੀਂ ਕਦੇ ਮਰਾਂਗੇ ਨਹੀਂ।

III

ਇਹ ਧਰਤੀ ਠੰਢੀ ਹੋ ਜਾਏਗੀ ਇਕ ਦਿਨ,
ਤਾਰਿਆਂ 'ਚੋਂ ਇਕ ਤਾਰਾ ਤੇ ਸਭ ਤੋਂ ਨਿੱਕਾ
ਨੀਲੇ ਮਖ਼ਮਲੀ ਕੱਪੜੇ ਉੱਤੇ ਜਿਵੇਂ ਇਕ ਸੁਨਹਿਰੀ ਕਿਣਕ।
ਮੇਰਾ ਮਤਲਬ ਹੈ—ਇਹ ਸਾਡੀ ਮਹਾਨ ਧਰਤੀ।
ਇਸ ਧਰਤੀ ਨੇ ਇਕ ਦਿਨ ਠੰਢੀ ਹੋ ਜਾਣਾ।
ਬਰਫ਼ ਦੀ ਸਿੱਲ੍ਹ ਵਾਂਗ ਨਹੀਂ।
ਮੁਰਦਾ ਬੱਦਲ ਵਾਂਗ ਵੀ ਨਹੀਂ।
ਸਗੋਂ ਇਕ ਖੋਖਲੇ ਅਖਰੋਟ ਵਾਂਗ ਰੁੜ੍ਹੇਗੀ
ਘੋਰ ਕਾਲੀ ਸ਼ਾਹ ਖਾਮੋਸ਼ੀ ਵਿਚ......
ਹੁਣ ਇਸੇ ਸਮੇਂ ਤੁਹਾਨੂੰ ਇਹਦਾ ਦੁੱਖ ਮਨਾਣਾ ਚਾਹੀਦੈ।
ਹੁਣੇ, ਏਸੇ ਸਮੇਂ, ਜ਼ਰੂਰੀ ਹੈ ਤੁਹਾਡੇ ਲਈ
ਇਹ ਅਫ਼ਸੋਸ ਮਹਿਸੂਸ ਕਰਨਾ—
ਕਿਉਂਕਿ ਦੁਨੀਆਂ ਨੂੰ ਇਤਨਾ ਹੀ ਪਿਆਰ ਕਰਨਾ ਜ਼ਰੂਰੀ ਹੈ—
ਜੇ ਤੂੰ ਕਹਿਣਾ ਹੈ "ਮੈਂ ਜੀਵਿਆ"

(ਫਰਵਰੀ, 1948)

## 24. ਲੀਡੀਆ ਇਵਾਨਾ ਆਪਣੀ ਡਾਕਟਰ ਨੂੰ

ਕਿੰਨੀ ਵਾਰ ਆਪਾਂ ਇਕੱਠਿਆਂ ਕਵਿਤਾਵਾਂ ਲਿਖੀਆਂ
ਕਿੰਨੀ ਵਾਰ ਮੈਂ ਅਪਣੇ ਥੱਕੇ ਦਿਮਾਗ ਨੂੰ ਆਰਾਮ ਦਿੱਤਾ
ਇਹਦੇ ਧੂੰਆਂਦਾਰ ਨੀਲਿਆਂ ਹੱਥਾਂ 'ਚ
ਮੈਨੂੰ ਤਾਂ ਨੀ ਲੱਗਦਾ ਕਿ ਇਸ ਨਾਲ
ਮੈਨੂੰ ਕੋਈ ਨੁਕਸਾਨ ਹੋਵੇਗਾ।
ਪਰ ਤੇਰੀ ਵਿਗਿਆਨਕ-ਸੋਝੀ ਸਦਕਾ ਆਦਰ ਨਾਲ
ਅਤੇ 'ਲੀਡੀਆ ਇਵਾਨਾ' ਤੇਰੀ ਖੁਸ਼ੀ ਲਈ
ਠੀਕ ਹੈ ਮੈਂ ਸਿਗਰਟ ਨੋਸ਼ੀ ਛੱਡ ਦਿਆਂਗਾ,
ਅਪਣੇ ਜੇਲ੍ਹ-ਜੀਵਨ ਦਾ ਸਾਥੀ।

ਠੀਕ ਹੈ, ਲੀਡੀਆ ਇਵਾਨਾ, ਮੈਂ ਕਦੀ ਨਹੀਂ ਪੀਆਂਗਾ।
ਨਾ ਫਲਾਂ ਦੀ ਸ਼ਰਾਬ, ਨਾ ਰਾਕੀ, ਨਾ ਵੋਦਕਾ
ਨਵੇ, ਸਾਲ ਦੇ ਜਸ਼ਨਾਂ 'ਤੇ ਵੀ ਨਹੀਂ।



ਜਾਂ ਛੁਟਾਂਆਂ 'ਚ
ਕੋਸਤਿਆ ਨੌਜਵਾਨ ਰੂਸੀ ਕਵੀ ਦੇ ਜਨਮ ਦਿਨ 'ਤੇ ਵੀ ਨਹੀਂ।
ਹਾਂ, ਇਹ ਤਾਂ ਬੜਾ ਸੌਖਾ,
ਕੋਈ ਫ਼ਰਕ ਨਹੀਂ ਪੈਂਦਾ,
ਜੇ ਮੈਂ ਕਦੀ ਸ਼ਰਾਬ ਨੂੰ ਹੱਥ ਵੀ ਨਾ ਲਾਵਾਂ।

ਠੀਕ ਐ, ਮੈਂ ਅਪਣੇ ਰੋਗੀ ਦਿਲ ਨੂੰ
ਬਿਸਤਰੇ 'ਤੇ ਸੁੱਟ ਦਿਆਂਗਾ,
ਠੀਕ ਦਸ ਵਜੇ
ਪੰਛੀਆਂ ਅਤੇ ਬੱਚਿਆਂ ਦੇ ਨਾਲ।
ਅਤੇ ਕਿੰਨਾ ਚੰਗਾ ਲੱਗਦੈ ਮੈਨੂੰ
ਅੱਧੀ ਰਾਤ ਵੇਲੇ, ਖਾਸ ਕਰਕੇ ਸਰਦੀਆਂ 'ਚ
ਲਾਲ ਚੌਕ ਤੋਂ ਲੰਘਣਾ ਪੈਰ ਬਚਾ ਬਚਾ ਕੇ
ਮਹਾਨ ਮਨੁੱਖ ਦੀ ਨੀਂਦ ਉਚਾਟ ਕੀਤੇ ਬਿਨਾ।
ਅਤੇ ਮਾਸਕੋ ਨਦੀ-ਕਿਨਾਰੇ ਚਹਿਲ ਕਦਮੀਂ ਕਰਨਾ।
ਜਾਂ 'ਲੀਡੀਆ ਇਵਾਨਾ' ਬੈਠੇ ਰਹਿਣਾ ਮੂੰਹ-ਹਨ੍ਹੇਰੇ ਤੱਕ।
ਕਿਸੇ ਉਸਤਾਦ ਦੀ ਕਿਤਾਬ ਦੀ ਲੋਅ ਵਿਚ।
ਠੀਕ ਹੈ, ਮੈਂ ਪਰ੍ਹਾਂ ਰਹਾਂਗਾ ਅਪਣੀ ਪਿਆਰੀ ਦੇ ਬੁੱਲ੍ਹਾਂ ਤੋਂ
ਘੱਟੋ-ਘੱਟ ਛੇ ਮਹੀਨੇ ਤੀਕ।

ਅਸੀਂ ਉਂਞ ਵੀ ਅਲੱਗ-ਅਲੱਗ ਹੀ ਹਾਂ।
ਮੈਂ ਜਾਣਦਾਂ ਕਾਮਰੇਡ 'ਲੀਡੀਆ ਇਵਾਨਾ'
ਜ਼ਰੂਰੀ ਹੈ ਇਹ ਕਿ ਮੈਂ ਮੰਨਾਂ ਹਦਾਇਤਾਂ ਤੇਰੀਆਂ।
ਨਹੀਂ ਤਾਂ ਫਿਰ ਇਕ ਤੀਜਾ ਧੱਕਾ
ਅਤੇ ਮੇਰਾ ਦਿਲ ਫਟਦਾ ਕਿਸੇ ਹੱਥ-ਗੋਲੇ ਵਾਂਗ
ਮੈਂ ਜਾਣਦਾ ਹਾਂ।
ਪਰ ਤੂੰ ਕਹਿੰਦੀ ਐਂ-ਖੁਸ਼ੀ, ਕ੍ਰੋਧ ਤੇ ਦੁੱਖ,
ਇਹ ਤਾਂ ਤਮਾਕੂ ਤੋਂ ਵੀ ਜ਼ਿਆਦਾ ਬੁਰੇ ਨੇ

ਮੰਨਦਾਂ, ਪਰ ਮੇਰੀ ਪਿਆਰੀ ਡਾਕਟਰ!
ਮੈਂ ਅਪਣੀ ਦੀਵਾਨਗੀ ਕਿਵੇਂ ਸਾਂਭਾਂ
ਮਿਸਾਲ ਦੇ ਤੌਰ 'ਤੇ ਜਦੋਂ ਮੈਂ ਸੁਣਾਂ—
ਕਿ ਫਰਾਂਸ ਦੀਆਂ ਚੋਣਾਂ 'ਚ

ਸਭ ਤੋਂ ਵੱਧ ਵੋਟਾਂ ਪਈਆਂ ਸਾਨੂੰ।
ਮੇਰੀ ਸਿਆਣੀ ਡਾਕਟਰ ਜ਼ਰਾ ਆਪ ਹੀ ਸੋਚ—
ਮੈਨੂੰ ਅੱਗ ਕਿਉਂ ਨਾ ਲੱਗੇ
ਅਪਣੇ ਦੇਸ਼ ਦੇ ਬਾਰੇ ਸੋਚਦਿਆਂ—
ਜੋ ਗੁੰਡਾ-ਗ੍ਰਹਿ ਦੇ ਬੂਟਾਂ ਹੇਠ—
ਅਪਣੇ ਸੁਰੱਖਿਆ ਦੇ ਲਈ ਜੂਝ ਰਿਹਾ।

ਜਾਂ, ਭਲਾ ਤੱਕ ਨਾ :
ਹੋ ਸਕਦਾ ਮੈਂ ਅੱਗੇ ਤੋਂ ਵੇਖ ਵੀ ਨਾ ਸਕਾਂ
ਅਪਣੇ 'ਮੰਮੇਟ' (ਨਾਜ਼ਿਮ ਹਿਕਮਤ ਦਾ ਪੁੱਤਰ) ਅਤੇ ਉਹਦੀ ਮਾਂ ਨੂੰ—
ਚਮਕਦੀਆਂ ਅੱਖਾਂ ਵਾਲੀ ਮੇਰੀ ਡਾਕਟਰ
ਐਨਾ ਕੁਝ ਹੁੰਦਿਆਂ ਵੀ ਮੈਨੂੰ ਦੁੱਖ ਨਾ ਹੋਵੇ ?
ਮੁੱਕਦੀ ਗੱਲ ਲੀਡੀਆ ਇਵਾਨਾ
ਮੈਨੂੰ ਗੁੱਸੇ ਨਾ ਹੋਵੀਂ—
ਜੇ ਤੇਰੀ ਪਿਆਰ ਭਰੀ ਮਿਹਨਤ ਦਾ ਕੁਝ ਸਿੱਟਾ ਨਾ ਨਿਕਲੇ।
ਮੈਂ ਇਕਰਾਰ ਨਹੀਂ ਕਰਦਾ
ਸ਼ਾਂਤ, ਗੰਭੀਰ ਅਤੇ ਅਹਿਲ ਰਹਿਣ ਦਾ
ਸਮੁੰਦਰ 'ਚ ਕਿਸੀ ਚੱਟਾਨ ਦੇ ਵਾਂਗ...
ਜੇ ਟੁੱਟਣਾਂ ਹੀ ਹੈ ਇਸ ਦਿਲ ਨੇ—
ਤਾਂ ਟੁੱਟਣ ਦੇ ਇਹਨੂੰ ਕ੍ਰੋਧ, ਦੁੱਖ ਜਾਂ ਖੁਸ਼ੀ ਵਿਚ।

(29-4-1953 ਹਸਪਤਾਲ, ਮਾਸਕੋ)

□□

## 25. ਖੀਰਾ

ਦਲਾਨ 'ਚ ਗੋਡਿਆਂ ਤੀਕ ਬਰਫ ਹੈ
ਅਤੇ ਹੁਣ ਵੀ ਪੈ ਰਹੀ ਹੈ ਜ਼ੋਰ ਨਾਲ।
ਸਵੇਰ ਤੋਂ ਰੁਕੀ ਨਹੀਂ।
ਅਸੀਂ ਰਸੋਈ 'ਚ ਹਾਂ।
ਮੇਜ਼ 'ਤੇ ਮੋਮਜਾਮੇ 'ਤੇ ਬਸੰਤ
ਮੇਜ਼ ਤੇ ਰੱਖਿਐ ਇਕ ਕੂਲਾ ਕੱਚਾ ਖੀਰਾ।
ਖੁਰਦਰਾ ਅਤੇ ਡੇਜ਼ੀ ਫੁੱਲ ਜਿੰਨਾ ਤਾਜ਼ਾ
ਉਸ ਨੂੰ ਵੇਖਦਿਆਂ ਅਸੀਂ ਮੇਜ਼ ਦੁਆਲੇ ਬੈਠੇ ਹਾਂ।
ਉਹ ਜਗਮਗਾ ਦਿੰਦੇ ਕੋਮਲਤਾ ਨਾਲ ਸਾਡੇ ਚਿਹਰੇ।



ਖੁਸ਼ਬੋਆਂ ਭਰੀ ਹਵਾ ਚਲ ਰਹੀ ਹੈ।
ਅਸੀਂ ਬੈਠੇ ਹਾਂ ਹੱਕੇ ਬੱਕੇ, ਸੋਚੀਂ-ਡੁੱਬੇ, ਆਸਵੰਦ।
ਜਿਵੇਂ ਸੁਪਨਿਆਂ ਦੀ ਦੁਨੀਆਂ 'ਚ ਫਿਰ ਰਹੇ ਹੋਈਏ।
ਮੇਜ਼ 'ਤੇ ਮੋਮਜਾਮੇ 'ਤੇ ਆਸ
ਮੇਜ਼ 'ਤੇ ਸੋਹਣਾ ਦਿਹਾੜਾ
ਇਕ ਬੱਦਲ ਨੇ ਹਰਾ ਸੂਰਜ ਲੁਕੋਇਆ,
ਬੋਲੀ ਭੀੜ ਬੇਚੈਨੀ ਨਾਲ ਆਪਣੀ ਰਾਹੇ,
ਪਿਆਰ, ਸ਼ਰੇਆਮ ਫੁੱਲ ਦੇ ਮੇਜ਼ 'ਤੇ
ਮੇਜ਼ 'ਤੇ ਮੋਮਜਾਮੇ 'ਤੇ ਬਹੁਤ ਨਰਮ ਕੱਚਾ ਖੀਰਾ,
ਖੁਰਦੁਰਾ ਅਤੇ ਕਿਸੀ ਡੇਜ਼ੀ ਜਿੰਨਾ ਤਾਜ਼ਾ।
ਹਾਤੇ 'ਚ ਗੋਡੇ-ਗੋਡੇ ਬਰਫ ਹੈ
ਜ਼ੋਰ ਨਾਲ ਹੈ ਪੈ ਰਹੀ ਬਰਫ
ਸਵੇਰ ਤੋਂ ਹੀ।

□□

## 26. ਐਤਵਾਰ

ਐਤਵਾਰ ਦਾ ਕੇਹਾ ਦਿਹਾੜਾ!

ਪਹਿਲੀ ਵਾਰੀ
ਕੀਤਾ ਬੈਠ ਧੁੱਪ-ਇਸ਼ਨਾਨ

ਪਹਿਲੀ ਵਾਰੀ
ਤੱਕਿਆ ਸਿਰ ਤੇ
ਮੈਂ ਸੁਹਣਾ ਨੀਲਾ ਅਸਮਾਨ।

ਮੇਰੇ ਕੋਲੋਂ ਅੰਬਰ ਕਿੰਨਾ ਦੂਰ!
ਇਹ ਨੀਲਾ ਖੁੱਲਾ ਅਸਮਾਨ।
ਰਿਹਾ ਖਲੋਤਾ
ਨਾਲ ਕੰਧ ਤੇ ਲੱਗਾ ਹੋਇਆ
ਹੋ ਹੈਰਾਨ।

ਬੈਠ ਗਿਆ ਫਿਰ ਭੂਰੀ ਧਰਤੀ ਉੱਤੇ
ਵੇਖਾਂ ਮੁੜ ਮੁੜ ਨਾਂਲ ਧਿਆਨ।
ਮੇਰੇ ਹਿਰਦੇ, ਰਿਹਾ ਮੌਤ ਦਾ ਭੈਅ ਨਾ ਕੋਈ
ਮੈਂ ਸਵਤੰਤਰ ਇਨਸਾਨ।

ਇਹ ਧਰਤੀ,
ਇਹ ਸੂਰਜ
ਤੇ ਆਪਣੀ ਮੈਂ ਹੋਂਦ ਨੂੰ ਵੇਖਾਂ
ਮੁੜ ਮੁੜ ਟੋਹਵਾਂ
ਨਾਲ ਖ਼ੁਸ਼ੀ ਦੇ ਪਾਗ਼ਲ ਹੋਵਾਂ।

□□

## 27. ਜੀ ਆਇਆਂ ਨੂੰ

ਜੀ ਆਇਆਂ ਨੂੰ ਮੇਰੀ ਪਿਆਰੀ।
ਆ ਬਹਿ, ਆ ਕੇ, ਮੇਰੇ ਕੋਲ,
ਰੱਖੀਂ ਜਜ਼ਬੇ, ਸ਼ਾਂਤ, ਅਡੋਲ।

ਥੱਕੀ ਟੁੱਟੀ ਹੋਵੇਂਗੀ ਤੂੰ
ਤੇਰੇ ਕੂਲੇ ਪੈਰ,
ਕਾਸ਼! ਮੈਂ ਹੱਥੀਂ ਧੋਵਾਂ।
ਮੇਰੇ ਕੋਲ ਨਾ ਕੋਈ ਚਿਲਮਚੀ
ਨਾ ਕੋਈ ਸੁੱਚਾ ਪਾਣੀ ਖਿੜੇ ਗੁਲਾਬਾਂ ਦਾ।

ਸੱਚੀ ਦੱਸੀਂ
ਪਿਆਸ ਤਾਂ ਤੈਨੂੰ ਲੱਗੀ ਹਊ ਜ਼ਰੂਰ।
ਐਪਰ ਮੇਰੇ ਕੋਲ ਨਹੀਂ ਕੋਈ
ਸ਼ਰਬਤ ਠੰਡੇ ਠਾਰ।
ਬਰਫਾਂ ਹਾਰ।

ਭੁੱਖ ਵੀ ਤੇਰੇ ਹੱਡ ਕੜਕਾਉਂਦੀ ਹੋਵੇਗੀ
ਤੈਨੂੰ ਮੈਂ ਰੰਗਦਾਰ ਮਖ਼ਮਲੀ
ਨਾਲ ਲਿਬਾਸਾਂ ਢੱਕ ਨਹੀਂ ਸਕਦਾ
ਨਾ ਸ਼ਾਹੀ ਪਕਵਾਨ ਅਸਾਡੇ ਚੁੱਲ੍ਹੇ ਪੱਕਣ

ਮੇਰਾ ਕਮਰਾ
ਮੇਰੇ ਆਪਣੇ ਵਤਨ ਵਾਂਗ ਹੈ



ਮਸਾਂ ਗੁਜ਼ਾਰਾ
ਮਾੜਾ-ਧੀੜਾ
ਕਿੱਥੋਂ ਡਾਹਵਾਂ?
ਤੇਰੇ ਲਈ ਮੈਂ ਰੰਗਲਾ ਪੀਹੜਾ!

ਜੀ ਆਇਆਂ ਨੂੰ ਮੇਰੀ ਪਿਆਰੀ,
ਤੇਰੀ ਆਮਦ ਲਈ ਨਾ ਕੀਤੀ
ਮੈਂ ਕੋਈ ਵੀ ਖ਼ਾਸ ਤਿਆਰੀ।

ਜਾਂ ਤੂੰ ਮੇਰੇ ਕਮਰੇ
ਆਪਣੇ ਪੈਰ ਛੁਹਾਏ
ਚਾਲੀ ਸਾਲ ਪੁਰਾਣੇ ਟੁੱਟੇ
ਫਰਸ਼ ਏਸ ਦੇ
ਕੂਲੇ ਸਾਵੇ ਘਾਹ ਵਾਂਗ ਮੁਸਕਾਏ।

ਤੂੰ ਮੁਸਕਾਈ
ਲੋਹ-ਸੀਖਾਂ ਦੇ ਵਿਚ ਵੀ ਸਾਨੂੰ
ਮਿੱਠੀ ਮਹਿਕ ਗੁਲਾਬ ਦੀ ਆਈ।

ਮਿਲਕੇ ਮੈਨੂੰ
ਤੇਰੇ ਨੈਣੀਂ
ਕੇਹੇ ਪਿਆਰ ਦੇ ਹੰਝੂ ਆਏ
ਜੀਕਣ ਮੋਤੀਆਂ ਨੈਣ ਛੁਹਾਏ।

ਕਾਲ-ਕੋਠੜੀ,
ਮੇਰੇ ਵਾਂਗ ਖਿੜੀ ਮੁਸਕਾਈ
ਹੋਵੇ ਜਿਵੇਂ ਰਿਹਾਈ ਆਈ।

ਜੀ ਆਇਆਂ ਨੂੰ!
ਮੇਰੀ ਪਿਆਰੀ!
ਮਹਿਕੀ ਮੇਰੇ ਦਿਲ ਦੀ ਫੁੱਲ-ਕਿਆਰੀ।

□□

## 28. ਵਿਸ਼ਵਾਸ ਵਾਲਾ ਬੰਦਾ

ਨਿੱਕੇ ਹੁੰਦਿਆਂ ਉਸ ਨੇ ਕਦੇ
ਮੱਖੀਆਂ ਦੇ ਖੰਭ ਨਹੀਂ ਸੀ ਨੋਚੇ
ਬਿੱਲੀਆਂ ਦੀ ਪੂਛ ਨਾਲ
ਟੀਨ ਦੇ ਡੱਬੇ ਨਹੀਂ ਸੀ ਬੰਨ੍ਹੇ ਉਸ ਨੇ
ਨਾ ਤੀਲਾਂ ਦੀ ਡੱਬੀ ਵਿਚ ਬੰਦ ਕੀਤੇ।
ਭੌਰੇ ਉਸ ਨੇ।
ਨਾ ਮਿੱਧੇ ਦੀਮਕਾਂ ਦੇ ਖੰਭ।

ਜਦ ਉਹ ਵੱਡਾ ਹੋਇਆ
ਉਸ ਨਾਲ ਇਹ ਸਾਰੇ ਕੰਮ ਕੀਤੇ ਗਏ
ਵਾਰੋ-ਵਾਰੀ

ਮੈਂ ਉਸਦੇ ਸਿਰਹਾਣੇ ਬੈਠਾ ਸੀ
ਜਦ ਉਸ ਦੇ ਸਾਹ ਪੂਰੇ ਹੋਏ।

ਉਸ ਨੇ ਆਖਿਆ;
ਮੈਨੂੰ ਇਕ ਕਵਿਤਾ ਪੜ੍ਹ ਕੇ ਸੁਣਾਓ
ਸੂਰਜ ਅਤੇ ਸਮੁੰਦਰ ਬਾਰੇ
ਪ੍ਰਮਾਣੂ ਭੱਠੀਆਂ ਤੇ ਉਪਗ੍ਰਹਾਂ ਬਾਰੇ
ਮਨੁੱਖਤਾ ਦੀ ਵਡਿਆਈ ਬਾਰੇ।

**(6-12-1958 ਬਾਕੂ)**

□□

## 29. ਵਸੀਅਤ

ਮੇਰਿਓ ਯਾਰੋ !
ਜੇ ਮੈਂ ਉਹ ਦਿਨ ਵੇਖਣ ਲਈ ਨਾ ਕਾਇਮ ਰਿਹਾ
ਮੇਰਾ ਮਤਲਬ,
ਜੇ ਮੈਂ ਕਿਧਰੇ ਮਰ ਜ਼ਾਵਾਂ
ਆਜ਼ਾਦੀ ਆਗਮਨ ਤੋਂ ਪਹਿਲਾਂ ਹੀ,
ਤਾਂ ਮੈਨੂੰ ਲੈ ਜਾਣਾ
ਤੇ ਦਫਨਾਉਣਾ
ਅਨਾਤੋਲੀਆ ਪਿੰਡ ਦੀ ਕਬਰਗਾਹ ਵਿਚ।



ਮਜ਼ਦੂਰ 'ਉਸਮਾਨ'
ਜਿਸਨੂੰ 'ਹਸਨਬੇ' ਦੇ ਹੁਕਮ ਨਾਲ
ਗੋਲੀ ਨਾਲ ਉਡਾਇਆ ਗਿਆ ਸੀ
ਹੋਵੇ ਉਹ ਲੇਟਿਆ ਮੇਰੇ ਇਕ ਪਾਸੇ
ਤੇ ਦੂਸਰੇ ਪਾਸੇ,
ਉਹ ਸ਼ਹੀਦ 'ਆਇਸ਼ਾ'
ਜਿਸ ਨੇ ਬੱਚਾ ਜੰਮਿਆ ਘਾਹ-ਫੂਸ ਤੇ
ਤੇ ਚਾਲੀ ਦਿਨ ਪਿੱਛੋਂ
ਜਿਹੜੀ ਗੁਜ਼ਰ ਗਈ।
ਸੁਬਾਹ-ਸਵੇਰੇ ਚਾਨਣ ਵਿਚ
ਟਰੈਕਟਰ ਤੇ ਗੀਤ ਗੂੰਜਣ,
ਕਬਰਸਤਾਨ ਦੇ ਲਾਗਿਓਂ ਦੀ
ਸੜੇ ਹੋਏ ਪਟਰੌਲ ਦੀ ਕੋਲੋਂ ਆਏ ਸੁਗੰਧੀ
ਸਾਂਝੇ ਹੋਵਣ ਖੇਤ ਤੇ ਪਾਣੀ ਨਹਿਰਾਂ ਦੇ
ਡਰ ਹੋਵੇ ਨਾ ਕਾਲ ਦਾ
ਤੇ ਨਾ ਪੁਲਸ ਦਾ

ਪਤਾ ਹੈ ਮੈਨੂੰ
ਅਸਾਂ ਗੀਤ ਕੀ ਸੁਣਨੇ ਦੱਬੇ ਮੁਰਦਿਆਂ
ਸੜ ਜਾਂਵਾਂਗੇ ਅਸੀਂ ਟਹਿਣੀਆਂ ਵਾਗਰਾਂ
ਗੂੰਗੇ, ਬੋਲੇ, ਅੰਨੇ, ਧਰਤੀ ਅੰਦਰ ਹੀ
ਪਰ ਮੈਂ ਗਾਏ ਗੀਤ
ਲਿਖਣ ਤੋਂ ਪਹਿਲਾਂ ਹੀ

ਸੁੰਘਿਆ ਮੈਂ ਪਟਰੌਲ, ਬੜਾ ਚਿਰ ਪਹਿਲਾਂ ਹੀ
ਉਦੋਂ ਅਜੇ ਨਾ ਨਕਸ਼ੇ ਬਣੇ ਸੀ ਫੈਕਟਰੀਆਂ ਦੇ
ਜਿੱਥੋਂ ਤੀਕ ਹੈ ਗੱਲ ਗਵਾਂਢੀ ਲੋਕਾਂ ਦੀ
ਮਜ਼ਦੂਰ 'ਉਸਮਾਨ' ਤੇ ਸ਼ਹੀਦ ਹੋਈ 'ਆਇਸ਼ਾ' ਦੀ
ਜਦ ਉਹ ਜ਼ਿੰਦਾ ਹੁੰਦੇ ਸੀ,

ਕਰਦੇ ਸੀ ਉਹ ਤਾਂਘ ਇਹ ਸਭ ਕੁਝ
ਵੇਖਣ ਦੀ,
ਭਾਵੇਂ ਸਾਰੀ ਗੱਲ ਅਜੇ ਕੁਝ ਧੁੰਦਲੀ ਸੀ

ਮੇਰੇ ਯਾਰੋ !
ਭਾਵੇਂ ਮੈਂ ਮਰ ਜਾਵਾਂ ਵਕਤੋਂ ਪਹਿਲਾਂ ਹੀ,
ਮੈਨੂੰ ਵੀ ਹੈ ਲੱਗਦਾ, ਇਸ ਤਰ੍ਹਾਂ ਹੋਣਾ ਹੈ
ਦਫ਼ਨ ਕਰਨਾ ਅਨਾਤੋਲੀਆ ਦੇ ਸੁਹਣੇ ਇਕ ਪਿੰਡ ਲਾਗੇ
ਲਾ ਦੇਣਾ ਇਕ ਬਿਰਖ ਮੇਰੇ ਸਿਰਹਾਣੇ ਤੇ
ਮੈਨੂੰ ਨਾ ਕੋਈ ਚਾਹੀਦਾ ਹੈ, ਪੱਥਰ ਵੱਡਾ ।        (ਮਾਸਕੋ—1953)

□□

## 30. ਸ਼ਾਇਦ

ਦਿਲ ਕਹਿੰਦਾ ਹੈ
ਸ਼ਾਇਦ ਉਦੋਂ ਤੀਕ ਰਹਾਂ ਜੀਉਂਦਾ

ਸ਼ਾਹ-ਰਾਹ ਕੰਢੇ, ਸੜਕ ਕਿਨਾਰੇ
ਪੁਲ ਦੇ ਲਾਗੇ ਸੈਰ ਕਰਾਂਗਾ

ਉਸ ਵੇਲੇ ਪਰ ਮੇਰੀ ਦਾਹੜੀ
ਕਾਲੀ ਤੋਂ ਚਿੱਟੀ ਹੋ ਚੁੱਕੀ ਹੋਵੇਗੀ
ਕੰਧ ਨਾਲ ਢੋ ਲਾਈ ਹੋਈ
ਸ਼ਹਿਰ ਦੇ ਕਿਸੇ ਚੁਰਸਤੇ ਖੜ ਕੇ
ਛੁੱਟੀ ਦੇ ਦਿਨ,
ਮੈਂ ਵੀ ਸਾਜ਼ ਵਜਾਵਾਂਗਾ

ਜਿਹੜੇ ਮੇਰੇ ਮਿੱਤਰ ਜੇਲ੍ਹੋਂ ਬਚ ਜਾਵਣਗੇ
ਉਹਨਾਂ ਦੇ ਹੱਥਾਂ ਵਿਚ ਕਿੰਗੜੀ ਪਾ ਕੇ
ਗਲੀਆਂ, ਚੌਕਾਂ ਦੇ ਵਿਚ ਘੁੰਮਣ ਨਿਕਲਾਂਗਾ

ਚੰਨ-ਚਾਨਣੀ ਰਾਤ ਪਿਆਰੀ ਹੋਵੇਗੀ
ਜਗਮਗ ਕਰਦੇ ਰਾਹ ਹੋਣਗੇ
ਪਿਆਰੇ ਪਿਆਰੇ,
ਲੋਕ ਅਸਾਡੇ ਨਾਲ ਹੋਣਗੇ
ਗੀਤ ਸੁਰੀਲੇ ਪਏ ਗਾਉਣਗੇ

ਉਸ ਦਿਨ ਤੀਕਰ,
ਮੈਂ ਵੀ ਸ਼ਾਇਦ ਜੀਊਂਦਾ ਰਹਿਣਾ।

□□



## 31. ਕਾਲੇ ਗਵੱਈਏ ਪਾਲ ਰਾਬਸਨ ਦੇ ਨਾਂ

ਉਹ ਨਾ ਸਾਨੂੰ
ਗੀਤ ਗਾਉਣ ਦੀ ਦੇਣ ਆਜ਼ਾਦੀ
ਮੇਰੇ ਕਾਲੇ ਵੀਰ ਰਾਬਸਨ !
ਉਹ ਨਾ ਸਾਨੂੰ ਗੀਤ ਗਾਉਣ ਦੀ
ਦੇਣ ਆਗਿਆ

ਉਹ ਗੀਤਾਂ ਤੋਂ ਡਰਦੇ ਨੇ
ਉਹ ਵੇਖਣ ਤੋਂ ਡਰਦੇ ਨੇ
ਗੀਤ ਸੁਣਨ ਤੋਂ ਡਰਦੇ ਨੇ
ਹੱਥ ਲਾਉਣ ਤੋਂ ਭੈ ਖਾਂਦੇ ਨੇ
ਪਿਆਰ ਕਰਨ ਤੋਂ ਡਰਦੇ ਨੇ
ਪਿਆਰ ਜਿਵੇਂ
ਸ਼ੀਰੀਂ ਤੇ ਫਰਿਹਾਦ ਨੇ ਕੀਤਾ
ਤੂੰ ਸਾਡਾ ਫਰਿਹਾਦ ਵੀਰਨਾ !

ਉੱਗਣ ਵਾਲੇ ਦਾਣਿਆਂ ਤੋਂ ਵੀ ਡਰਦੇ ਨੇ
ਵਗਦੇ ਹੋਏ ਨਿਰਮਲ ਜਲ ਤੋਂ ਡਰਦੇ ਨੇ
ਉਹ ਯਾਰਾਂ ਦੇ
ਹੱਥਾਂ ਦੀ ਛੁਹ ਕੋਲੋਂ ਡਰਦੇ

ਹੱਥ ਕਿ ਜਿਹੜੇ ਭੀਖ ਨਾ ਮੰਗਣ
ਹੱਥ ਕਿ ਜਿਹੜੇ ਸ਼ਰਮ ਹੱਯਾ ਸੂਲੀ ਨਾ ਟੰਗਣ
ਪੰਛੀ ਵਰਗੇ ਹੱਥ, ਨਾ ਜਿਹਨਾਂ ਵੇਖੇ ਹੋਏ,
ਉਹ ਹਥਾਂ ਦੀ ਛੁਹ ਕੀ ਜਾਨਣ !
ਪਿਆਰ ਦੇ ਨਿੱਘ ਨੂੰ ਕੀਕਣ ਮਾਨਣ
ਹਬਸ਼ੀ ਵੀਰਾ !
ਉਹ ਸਾਡੇ ਗੀਤਾਂ ਤੋਂ ਡਰਦੇ
ਏਸੇ ਕਰਕੇ ਸਾਡੇ ਗੀਤ ਨਜ਼ਰਬੰਦ ਕਰਦੇ ।

□□

## 32. ਮੇਰੀ ਪਤਨੀ

ਮੇਰੀ ਸ਼੍ਰੀਮਤੀ ਆਈ ਮੇਰੇ ਨਾਲ ਬ੍ਰੈਸਤ ਤੀਕ
ਉਹ ਰੇਲ ਗੱਡੀ ਤੋਂ ਉਤਰੀ
ਤੇ ਪਲੇਟ ਫਾਰਮ ਤੇ ਖਲੋਤੀ ਰਹੀ
ਹੁੰਦੀ ਗਈ ਉਹ ਛੋਟੀ ਤੋਂ ਛੋਟੀ
ਬਣ ਗਈ ਆਨੰਤ ਨੀਲੱਤਣ ਵਿਚ
ਕਣਕ ਦੀ ਇਕ ਬੱਲੀ ਜਹੀ
ਫਿਰ ਮੈਨੂੰ ਨਜ਼ਰ ਆਈਆਂ ਕੇਵਲ ਪਟੜੀਆਂ

ਫਿਰ ਉਸ ਨੇ ਫ਼ੂਨ ਕੀਤਾ ਮੈਨੂੰ
ਪੋਲੈਂਡ ਤੋਂ
ਪਰ ਮੈਂ ਜਵਾਬ ਨਾ ਦੇ ਸਕਿਆ
ਮੈਂ ਪੁੱਛ ਨਾ ਸਕਿਆ
ਕਿੱਥੇ ਹੈ ਤੂੰ, ਮੇਰੀ ਗੁਲਾਬ !
ਕਿੱਥੇ ਹੈਂ ਤੂੰ ?'
'ਆ ਜਾਓ'
ਉਸ ਨੇ ਕਿਹਾ
ਪਰ ਮੈਂ ਪਹੁੰਚ ਨਾ ਸਕਿਆ ਉਸ ਤੀਕ
ਗੱਡੀ ਇੰਝ ਦੌੜਦੀ ਸੀ
ਜਿਵੇਂ ਕਦੀ ਰੁਕਣੀ ਹੀ ਨਹੀਂ ।
ਮੈਂ ਤੜਫ ਰਿਹਾ ਸੀ ਪੀੜ ਨਾਲ ।

ਫਿਰ ਰੇਤਲੀ ਧਰਤੀ ਤੇ ਆਪਸ ਵਿਚ ਟਕਰਾਉਂਦੇ ਬਰਫ ਦੇ ਢੇਲੇ
ਤੇ ਅਗਾਨਕ ਮੈਨੂੰ ਪਤਾ ਲੱਗਾ ਕਿ
ਉਹ ਮੈਨੂੰ ਤੱਕ ਰਹੀ ਹੈ
ਮੇਰੀ ਪਤਨੀ
'ਕੀ ਤੂੰ ਮੈਨੂੰ ਭਲਾ ਦਿੱਤਾ ਹੈ ?'
ਉਸ ਨੇ ਮੈਨੂੰ ਪੁੱਛਿਆ,
'ਕੀ ਭੁਲਾ ਦਿੱਤਾ ਹੈ ਤੁਸਾਂ ਮੈਨੂੰ' ?
ਬਸੰਤ ਦੀ ਰੁੱਤ ਵਧਦੀ ਚਲੀ ਆ ਰਹੀ
ਸੀ, ਮਿੱਟੀ ਭਰੇ ਪੈਰਾਂ ਨਾਲ



ਫਿਰ ਸਿਤਾਰੇ ਚਮਕੇ ਟੈਲੀਫ਼ੂਨ ਦੀਆਂ ਤਾਰਾਂ ਤੇ
ਹਨੇਰੇ ਦੀਆਂ ਵਾਛੜਾਂ ਦੇ ਕੋੜੇ ਪਏ
ਬਾਰਸ਼ ਵਾਂਗੂੰ
ਮੇਰੀ ਪਤਨੀ ਖਲੋਤੀ ਸੀ
ਟੈਲੀਫ਼ੂਨ ਦੇ ਖੰਭਿਆਂ ਥੱਲੇ
ਧੜਕਦਾ ਸੀ ਉਸ ਦਾ ਦਿਲ
ਜਿਵੇਂ ਉਹ ਮੇਰੀਆਂ ਬਾਹਾਂ ਵਿਚ ਹੋਵੇ
ਖੰਭੇ ਅਲੋਪ ਹੁੰਦੇ ਰਹੇ
ਪਰ ਉਹ ਅਹਿਲ ਰਹੀ ਖਲੋਤੀ

ਗੱਡੀ ਇਵੇਂ ਦੌੜ ਰਹੀ ਸੀ
ਜਿਵੇਂ ਕਦੇ ਰੁਕਣੀ ਹੀ ਨਹੀਂ ਹੁੰਦੀ ਕਿਤੇ
ਮੈਂ ਤੜਪ ਰਿਹਾ ਸੀ ਪੀੜ ਨਾਲ

ਫਿਰ ਮੈਨੂੰ ਅਚਾਨਕ ਜਾਪਿਆ
ਕਿ ਮੈਂ ਵਰ੍ਹਿਆਂ ਤੋਂ ਸੀ ਗੱਡੀ ਵਿਚ
ਮੈਨੂੰ ਅਜੇ ਵੀ ਹੈਰਾਨੀ ਹੁੰਦੀ ਹੈ
ਕਿ ਮੈਂ ਇਸ ਤਰ੍ਹਾਂ ਕਿਉਂ ਤੇ ਕਿਵੇਂ ਸੋਚਿਆ
ਤੇ ਹਮੇਸ਼ਾ ਗਾਉਂਦਾ ਰਿਹਾ ਆਸ-ਉਮੀਦ ਦੇ ਗੀਤ
ਮੈਂ ਹਮੇਸ਼ਾ ਛੱਡਦਾ ਜਾਂਦਾ ਹਾਂ ਪਿੱਛੇ
ਸ਼ਹਿਰ ਤੇ ਇਸਤਰੀਆਂ
ਜਿਨ੍ਹਾਂ ਨੂੰ ਮੈਂ ਪਿਆਰ ਕੀਤਾ ਸੀ
ਤੇ ਚੁੱਕੀ ਫਿਰਦਾ ਹਾਂ ਆਪਣੇ ਉਹ
ਅੱਲੇ ਜ਼ਖ਼ਮ
ਜਿਹੜੇ ਮੇਰੇ ਅੰਦਰ ਵੱਲ ਖੁੱਲ੍ਹਦੇ ਹਨ
ਤੇ ਮੈਂ ਪਹੁੰਚ ਰਿਹਾ ਨੇੜੇ ਨੇੜੇ
ਕਿਸੇ ਮੰਜ਼ਲ ਦੇ ।

**(ਭੂ-ਮੱਧ ਸਾਗਰ, ਮਾਰਚ 60)**

□□

## 33. ਰਾਤ ਦੀਆਂ ਕਵਿਤਾਵਾਂ

### I

ਇਸਤੰਬੋਲ ਦੀ ਘੋਰ-ਗ਼ਰੀਬੀ
ਉਹ ਕਹਿੰਦੇ ਨੇ
ਹੈ ਦੱਸਣ ਤੋਂ ਬਾਹਰੀ
ਭੁੱਖ ਬੜੀ ਹੈ. ਉਹ ਦੱਸਦੇ ਨੇ
ਕੱਢ ਕਚੂੰਬਰ ਦਿੱਤਾ
ਇਸ ਨੇ ਲੋਕਾਂ ਦਾ।
ਟੀ. ਬੀ. ਦੀ ਬੀਮਾਰੀ ਫੈਲੀ
ਉਹ ਕਹਿੰਦੇ ਨੇ,
ਨਿੱਕੀਆਂ ਨਿੱਕੀਆਂ ਬਾਲੜੀਆਂ ਵੀ
ਦਰ ਦਰ ਪਈਆਂ ਧੱਕੇ ਖਾਣ
ਸਿਰ ਦੇ ਉੱਤੇ, ਬੱਸ ਨੰਗਾ ਅਸਮਾਨ।

ਬੁਰੀਆਂ ਬੁਰੀਆਂ ਖ਼ਬਰਾਂ ਆਵਣ
ਮੇਰੇ ਸੁੰਦਰ ਸ਼ਹਿਰਾਂ ਤੋਂ
ਮਿਹਨਤ ਕਰਦੇ ਮੇਰੇ ਲੋਕੀਂ
ਫਿਰ ਵੀ ਰਹਿਣ ਅਬੋਲ
ਇਸਤੰਬੋਲ !
ਤੈਨੂੰ ਆਪਣੇ ਮੋਢੇ ਲਾਈ ਝੋਲੇ ਵਾਂਗ
ਸੀਨੇ ਖੁੱਭੇ ਜ਼ਹਿਰੀਲੀ ਸਾਂਗ।

ਜਿੱਥੇ ਜਾਵਾਂ
ਜਿਹੜੀ ਜੇਲ੍ਹ ਜੁੜਨ ਘਟਨਾਵਾਂ
ਤੇਰੀ ਯਾਦ !
ਕੱਢ ਘਰੋਂ ਕੀਤਾ ਬਰਬਾਦ।
ਇਸਤੰਬੋਲ !
ਚੁੱਕੀ ਫਿਰਦੀ ਮੋਢੇ ਲਾ ਕੇ
ਦੁਖਿਆਰੀ ਤੇ ਕਰਮਾਂ ਹਾਰੀ ਅੰਮਾਂ ਜੀਕਣ
ਮੁਰ ਚੁੱਕੇ ਬੱਚਿਆਂ ਦੇ ਬੋਲ।
ਏਸ ਤਰ੍ਹਾਂ ਹੀ
ਮੈਂ ਵੀ ਤੇਰੀ ਯਾਦ ਵੇਖ ਲੈ ਮੋਢੇ ਲਾਈ
ਤੇਰੀ ਮਿਲਣ-ਘੜੀ ਨੇੜੇ ਨਾ ਆਈ। (13-11-1945)



### II

ਮੇਰੇ ਸੁੰਦਰ ਸ਼ਹਿਰ ਦੀਆਂ ਛੱਤਾਂ ਦੇ ਉੱਪਰੋਂ
ਮਾਰਮਰਾ ਸਾਗਰ ਦੇ ਤੱਟ ਤੋਂ
ਪੱਤ ਝੜ-ਲੱਦੀ ਧਰਤੀ ਦੇ ਆਰ-ਪਾਰ
ਤੇਰੀ ਆਵਾਜ਼ ਆਈ,
ਸੰਘਣੀ ਪਰ ਤਰਲ
ਆਵਾਜ਼ ਆਈ
ਲਗਾਤਾਰ ਤਿੰਨ ਮਿੰਟ ਤੀਕਰ
ਤੇ ਫਿਰ ਅਚਾਨਕ ਫ਼ੂਨ ਬੰਦ ਹੋ ਗਿਆ। (8-11-1945)

### III

ਖੁੱਲ੍ਹੇ ਮੈਦਾਨਾਂ ਵਿਚ,
ਬਿਰਖ ਆਖਰੀ ਹੰਭਲਾ ਮਾਰਦੇ ਨੇ।
ਚਮਕਣ ਲਈ,
ਚਮਕਦਾ ਸੋਨਾ, ਤਾਂਬਾ, ਕਾਂਸ਼ੀ ਤੇ ਕਾਠ
ਬਲਦਾਂ ਦੇ ਖ਼ੁਰ,
ਮਲਕੜੇ ਜਹੇ,
ਕੂਲੀ ਧਰਤੀ ਵਿਚ ਖੁੱਭਦੇ ਜਾਂਦੇ ਨੇ।
ਤੇ ਪਹਾੜ ਢੱਕੇ ਪਏ ਨੇ, ਕੋਹਰੇ ਨਾਲ
ਗਹਿਰਾ, ਸਲੇਟੀ, ਗਿੱਲਾ, ਟਪਕਦਾ ਪਾਣੀ

ਅੱਜ ਪੱਤਝੜ,
ਪੂਰੀ ਤਰ੍ਹਾਂ ਖਤਮ ਹੋ ਜਾਵੇਗੀ।

ਜੰਗਲੀ ਮੁਰਗਾਬੀਆਂ
ਕੁੜ-ਕੁੜ ਕਰਦੀਆਂ
ਲੰਘੀਆਂ ਨੇ ਹੁਣੇ-ਹੁਣੇ,
ਸ਼ਾਇਦ ਇਹ 'ਇਜ਼ਰਿਕ' ਝੀਲ ਵੱਲ ਜਾ ਰਹੀਆਂ ਨੇ
ਹਵਾ ਠੰਢੀ ਤੇ ਸੀਤ ਹੈ ਤੇ ਮਹਿਕਦੀ ਹੈ
ਕੱਜਲ ਵਰਗੀ,
ਹਵਾ ਵਿਚ ਬਰਫ ਦੀ ਗੰਧ ਘੁਲੀ ਹੋਈ ਹੈ

ਇਸ ਵੇਲੇ ਆਜ਼ਾਦ ਹੋਣਾ
ਘੋੜੇ ਦੀ ਸਵਾਰੀ ਕਰ, ਪਹਾੜਾਂ ਵੱਲ
ਚੁੰਗੀਆ ਭਰਨਾ
ਕਿੰਨਾ ਸੁਹਣਾ ਲੱਗਦਾ ਹੈ
ਤੂੰ ਕਹੇਂਗੀ,
ਤੈਨੂੰ ਘੋੜੇ ਦੀ ਸਵਾਰੀ ਕਰਨੀ
ਆਉਂਦੀ ਵੀ ਹੈ ?

ਪਰ ਹੱਸੀਂ ਨਾ
ਸਾੜਾ ਨਾ ਕਰੀਂ
ਮੈਂ ਜੇਲ੍ਹ ਵਿਚ ਇਕ ਨਵੀਂ ਹੀ
ਆਦਤ ਪਾ ਲਈ ਹੈ,

ਮੈਂ ਕੁਦਰਤ ਨੂੰ ਏਨਾ ਹੀ ਪਿਆਰ ਕਰਦਾ ਹਾਂ।
ਜਿੰਨਾ ਤੈਨੂੰ
ਪਰ ਇਹ ਦੋਵੇਂ ਚੀਜ਼ਾਂ
ਮੈਥੋਂ ਕਿੰਨੀਆਂ ਦੂਰ ਹਨ।

(12-12-1945)

IV

ਸਤਿਆਨਾਸ !

ਬੜੀ ਭਿਆਨਕ ਠੰਢ ਪੈ ਰਹੀ ਹੈ

ਤੂੰ ਤੇ ਮੇਰਾ ਸੱਚਾ ਇਸਤੰਬੋਲ
ਕੌਣ ਜਾਣੇ ਤੂੰ ਕਿਵੇਂ ਹੈਂ ?

ਕੀ ਕੋਲਾ ਹੈ
ਤੇਰੇ ਕੋਲ ?
ਕੀ ਲੱਕੜੀਆਂ ਖਰੀਦਣ ਜੋਗੇ
ਪੈਸੇ ਹਨ ?
ਖਿੜਕੀਆਂ ਵਿਚ ਅਖਬਾਰ ਨਾ ਲਵੀਂ
ਜ਼ਰਾ ਛੇਤੀ ਸੌਂ ਜਾਇਆ ਕਰੀਂ।



ਵੇਚਣ ਲਈ ਤਾਂ ਸ਼ਾਇਦ
ਕੋਈ ਵੀ ਚੀਜ਼ ਨਹੀਂ ਬਚੀ ਹੋਣੀ
ਘਰ ਵਿਚ

ਠੰਢ ਵਿਚ ਅੱਧ-ਭੁੱਖੀ ਰਹਿ ਕੇ
ਸਾਰ ਲਵੀਂ,

ਏਥੇ ਜੇਲ੍ਹ ਵਿਚ ਵੀ
ਆਪਣੇ ਦੇਸ਼ ਵਿਚ,
ਆਪਣੇ ਸ਼ਹਿਰ ਵਿਚ
ਹਾਲਤ ਮੰਦੀ ਈ ਹੈ।

(14-12-1945)

□□

## ਨਾਜ਼ਿਮ-ਹਿਕਮਤ ਅੰਕ ਬਾਰੇ ਸਰੋਤ ਪੁਸਤਕਾਂ


1. ਮਹਿ-ਵਾ-ਸਾਲ ਆਸ਼ਨਾਈ (ਉਰਦੂ) ਫ਼ੈਜ਼ ਅਹਿਮਦ ਫੈਜ਼ ਦਾ ਰੂਸੀ ਸਫਰਨਾਮਾ, ਪ੍ਰਗਤੀ ਪ੍ਰਕਾਸ਼ਨ ਮਾਸਕੋ 1979—
2. ਸਮਾਜਵਾਦੀ ਕਵਿਤਾ (ਅੰਗਰੇਜ਼ੀ) ਲੇਖਕ ਐਲਨ ਬਰੋਡ, ਪੇਗੁਇਨ ਬੁੱਕਸ, ਯੂ. ਕੇ. (1970)
3. ਨਾਜ਼ਿਮ ਹਿਕਮਤ ਦੀਆਂ ਚੋਣਵੀਆਂ ਨਜ਼ਮਾਂ (ਅੰਗਰੇਜ਼ੀ) (A Sad state of Freedem) ਗਰੇਵਿਲੀ ਪ੍ਰੈਸ, ਲੰਡਨ 1990
4. ਨਾਜ਼ਿਮ ਹਿਕਮਤ ਦੀ ਕਵਿਤਾਏਂ (ਹਿੰਦੀ) ਅਨੁਵਾਦਿਕ ਸੋਮ ਦੱਤ, ਵਾਣੀ ਪ੍ਰਕਾਸ਼ਨ ਦਿੱਲੀ—1981
5. ਨਾਜ਼ਿਮ ਹਿਕਮਤ ਕੀ ਕਵਿਤਾਏਂ (ਹਿੰਦੀ) ਅਨੁਵਾਦਿਕ ਵੀਰੇਨ ਡੰਗਰਾਲ, ਪਹਿਲ ਪੱਤ੍ਰਿਕਾ ਜਨਵਰੀ-ਫਰਵਰੀ 1994, ਜੱਬਲਪੁਰ ।
6. ਲੋਟਸ (ਏਸ਼ੀਆ ਅਫ਼ਰੀਕਾ ਲੇਖਕ ਸੰਘ) ਦੀ ਪੱਤ੍ਰਿਕਾ ਅੰਕ 53, 1983, ਸੰਪਾਦਕ ਫ਼ੈਜ਼ ।
7. ਸ਼ਹਿਦ-ਕਟੋਰੀ) (ਨਾਜ਼ਿਮ ਹਿਕਮਤ) ਅਨੁਵਾਦਕ ਸੋਹਨ ਢੰਡ 1983, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅੰਮ੍ਰਿਤਸਰ ।
8. ਨਾਜ਼ਿਮ ਦੀਆਂ ਨਜ਼ਮਾਂ-ਅਨੁਵਾਦਿਕ ਮਹਿਰਮ ਯਾਰ, ਰਾਜ ਰੂਪ ਪ੍ਰਕਾਸ਼ਨ ਜਲੰਧਰ, 1971.
9. ਸਦਾ ਹੀ ਪੱਤਰਕਾਰ (ਅੰਗਰੇਜ਼ੀ) ਕਨਸਤੰਨਤਿਨ ਸਿਮੋਨੋਵ, ਪਰਾਗਰੇਸ ਪਬਲਿਸ਼ਰਜ਼ ਮਾਸਕੋ—1989.


ਉਹ ਜਿਹੜੇ
ਇਸ ਤਾਕ 'ਚ ਬੈਠੇ ਹੋਏ ਨੇ
ਨਾਜ਼ਿਮ ਹਿਕਮਤ ਦੇ ਨੈਣਾਂ ਵਿਚ
ਖ਼ੌਫ਼ ਉਤਰਦੇ ਤੱਕਣਾ ਹੈ
ਉਹ ਐਵੇਂ ਹੀ
ਰੋਜ਼ ਵਿਚਾਰੇ !
ਆਪਣਾ ਵਕਤ ਗਵਾਉਂਦੇ ਪਏ ਨੇ

—ਨਾਜ਼ਿਮ

## ਮੇਰੀ ਕਵਿਤਾ

"ਜੇ ਕੋਈ ਰਚਨਾਕਾਰ, ਕਈ ਦੇਸ਼ਾਂ ਦੀ ਜਨਤਾ ਤੀਕ ਤੇਜ਼ੀ ਨਾਲ ਪਹੁੰਚਣਾ ਚਾਹੁੰਦਾ ਹੈ ਤੇ ਚੰਗੇਰੀ ਤਰ੍ਹਾਂ ਸਮਝੇ ਜਾਣ ਦੀ ਤਮੰਨਾ ਕਰਦਾ ਹੈ ਤਾਂ ਉਸ ਲਈ ਕਮਿਊਨਿਸਟ ਹੋਣਾ ਜ਼ਰੂਰੀ ਹੈ । ਬਹੁਤ ਜ਼ਿਆਦਾ ਜ਼ਰੂਰੀ ਹੈ । ਪਰ ਏਨਾ ਹੀ ਕਾਫ਼ੀ ਨਹੀਂ ਹੈ । ਕਵੀ ਦੇ ਲਈ ਪ੍ਰਤਿਭਾਸ਼ੀਲ ਹੋਣਾ ਤੇ ਮਾਨਵਤਾ ਦੇ ਭਵਿੱਖ ਸਬੰਧੀ ਗੀਤਾਂ ਦੇ ਬਾਰੇ ਵਿਚ, ਦੋਸਤੀ, ਤੇ ਅਮਨ ਦੇ ਬਾਰੇ, ਪਿਆਰ ਤੇ ਘਿਰਣਾ ਦੇ ਬਾਰੇ, ਭਾਵ ਬੋਧ ਅਤੇ ਸ਼ੈਲੀ ਦੋਹਵਾਂ ਹੀ ਖੇਤਰਾਂ ਵਿਚ ਕੁਝ ਆਪਣਾ ਮੌਲਿਕ ਯੋਗਦਾਨ ਦੇਣਾ ਜ਼ਰੂਰੀ ਹੈ ।"

—ਨਾਜ਼ਿਮ ਹਿਕਮਤ

Chiragh, Quarterly (July to September 96)

Registered with the Registrar of News-Papers of India
No—PUN-PUN O 2776/35/AL/TC/94.

ਉੱਤਰੀ ਭਾਰਤ ਵਿਚ ਸਿਰਫ ਇੱਕੋ ਇੱਕ
ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਕੇਂਦਰ

# ਭੁਪਿੰਦਰਾ ਨਰਸਿੰਗ ਹੋਮ

ਸਾਡੀਆਂ ਵਿਸ਼ੇਸ਼ਤਾਈਆਂ :

★ ਚਰਬੀ ਕੱਢਣ, ਸਰੀਰ ਚੋਂ ਵਾਧੂ ਜਮ੍ਹਾਂ ਹੋਈ ਚਰਬੀ ਕੱਢਣਾ ।

★ ਸਰੀਰਕ ਬਣਤਰ ਨੂੰ ਹੋਰ ਸੁੰਦਰ ਬਣਾਉਣਾ, ਸਦੀਵੀ, ਸੁਰੱਖਿਅਤ ਤੇ ਘੱਟ ਖਰਚੇ ਵਾਲਾ ।

★ ਸਫੇਦ ਦਾਗ, ਰੁਕੇ ਹੋਏ ਫੁਲਹਿਰੀ ਦੇ ਚਿੱਟੇ ਦਾਗਾਂ ਨੂੰ ਉਪਰੇਸ਼ਨ ਰਾਹੀਂ ਸਥਾਈ ਤੌਰ ਤੇ ਦੂਰ ਕਰਨਾ ।

★ ਨੱਕ ਦੀ ਬਣਤਰ ਨੂੰ ਸੁੰਦਰ ਬਣਾਉਣਾ, ਵਿਗੜੀ ਸ਼ਕਲ ਠੀਕ ਕਰਨੀ, ਛੋਟੀ ਤੋਂ ਵੱਡੀ ਅਤੇ ਵੱਡੀ ਕਰੂੰਬਲੀ ਨੂੰ ਛੋਟਾ ਕਰਕੇ ਸੁੰਦਰ ਬਣਾਉਣਾ ।

★ ਚਿਹਰੇ ਦੀਆਂ ਝੁਰੜੀਆਂ ਨੂੰ ਢੁਕਵੀਂ, ਉਮਰ ਦੇ ਪਰਭਾਵਾਂ ਨੂੰ ਘਟਾ ਕੇ, ਜਵਾਨ ਦਿੱਖ ਬਹਾਲ ਕਰਨੀ ।

★ ਅੱਖਾਂ ਦੇ ਹੇਠਾਂ ਜਾਂ ਉਪਰ ਵਾਧੂ ਤੇ ਢਿਲਕੇ ਹੋਏ ਮਾਸ ਨੂੰ ਠੀਕ ਕਰਨਾ ।

★ ਕੰਨ ਤੇ ਬੁੱਲ੍ਹਾਂ ਦੀ ਬਣਤਰ ਸੁੰਦਰ ਬਣਾਉਂਣਾ ।

ਵਿਸ਼ੇਸ਼ :

★ ਦਾਗ, ਧੱਬੇ ਜਾਂ ਲਸਣ ਨੂੰ ਮਿਟਾਉਣਾ ।

★ ਗੰਜੇਪਣ ਦਾ ਇਲਾਜ ਵਾਲਾਂ ਦੇ ਪ੍ਰਤੀਪੂਰਣ ਰਾਹੀਂ ।

★ ਛਾਤੀ ਨੂੰ ਛੋਟੀ ਜਾਂ ਵੱਡੀ ਕਰਨਾ ।

★ ਜਲੇ ਸੜੇ ਦਾ ਇਲਾਜ ।

★ ਪੁਰਾਣੇ ਜਲੇ ਹੋਏ ਦੇ ਨਿਸ਼ਾਨ ਅਤੇ ਨਾੜਾਂ ਦੇ ਗੁੱਛਿਆਂ ਨੂੰ ਦੂਰ ਕਰਨਾ ।

★ ਜਮਾਂਦਰੂ ਨੁਕਸ, ਜਿਸ ਤਰ੍ਹਾਂ ਖੰਡਾ, ਬੁੱਲ੍ਹ ਆਦਿ ਦੀ ਦਰੁਸਤੀ ।

## ਡਾ: ਬੀ.ਪੀ. ਸਿੰਘ ਐਮ.ਐਸ.

ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਸਰਜਨ
261—ਮੋਤਾ ਸਿੰਘ ਨਗਰ, ਲਿੰਕ ਰੋਡ, ਜਲੰਧਰ—144001
ਫੋਨ ਹਸਪਤਾਲ : 0181-223376 ਰਿਹਾਇਸ਼ : 0181-224228

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ: ਅਨੂਪ ਸਿੰਘ ਨੇ ਅਨੁਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ E,J.-272, ਚਹਾਰ ਬਾਗ, ਜਲੰਧਰ ਤੋਂ ਪ੍ਰਕਾਸ਼ਤ ਕੀਤਾ ।